MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver

ਕੈਨੇਡਾ
# ਪੰਜਾਬ ਲਿੰਕ
52 YEARS OF EXCELLENCE
THE LINK GROUP
WEEKLY NEWSPAPER
VOL. : 12 ISSUE : 08 SATURDAY, 24 February, 2024
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਜਨਵਰੀ ਮਹੀਨੇ ਕੈਨੇਡਾ ਦੀ ਮਹਿੰਗਾਈ ਦਰ ਤਿੰਨ ਫ਼ੀਸਦੀ ਤੋਂ ਹੇਠਾਂ ਆਈ




ਓਟਵਾ-ਮਹਿੰਗਾਈ ਦੀ ਚੱਕੀ ਵਿਚ ਪਿਸ ਰਹੇ ਕੈਨੇਡਾ ਵਾਸੀਆਂ ਲਈ ਇਕ ਰਾਹਤ ਵਾਲੀ ਖ਼ਬਰ ਹੈ। ਜਨਵਰੀ ਮਹੀਨੇ ਵਿਚ ਕੈਨੇਡਾ ਦੀ ਮਹਿੰਗਾਈ ਦੀ ਦਰ ਆਸ ਨਾਲੋਂ ਵੀ ਜ਼ਿਆਦਾ ਤਿੰਨ ਫ਼ੀਸਦੀ ਤੋਂ ਹੇਠਾਂ ਆ ਗਈ ਕਿਉਂਕਿ ਸਮੁੱਚੀ ਆਰਥਿਕਤਾ ਵਿਚ ਕੀਮਤਾਂ ਵਿਚ ਵਾਧਾ ਨਰਮ ਹੋ ਗਿਆ ਹੈ ਜਿਸ ਵਿਚ ਗੈਸੋਲੀਨ, ਹਵਾਈ ਕਿਰਾਏ ਅਤੇ ਕੱਪੜਿਆਂ ਦੀਆਂ ਕੀਮਤਾਂ ਵਿਚ ਸਿੱਧੀ ਗਿਰਾਵਟ ਸ਼ਾਮਿਲ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਸ ਕਰ ਰਹੇ ਹਨ ਕਿ ਵਿਆਜ ਦਰਾਂ ਵੀ ਹੇਠਾਂ ਆ ਸਕਦੀਆਂ ਹਨ ਜਦਕਿ ਬੈਂਕ ਆਫ ਕੈਨੇਡਾ ਮਹਿੰਗਾਈ ਦੀ ਦਰ ਦੋ ਫ਼ੀਸਦੀ 'ਤੇ ਆਉਣ ਦੀ ਉਡੀਕ ਕਰ ਰਿਹਾ ਹੈ ਜਿਹੜਾ ਉਸ ਦਾ ਨਿਸ਼ਾਨਾ ਹੈ। ਸਟੈਟਿਕਸ ਕੈਨੇਡਾ ਨੇ ਦੱਸਿਆ ਕਿ ਜਨਵਰੀ ਵਿਚ ਸਾਲਾਨਾ ਮਹਿੰਗਾਈ ਦੀ ਦਰ ਜਨਵਰੀ ਵਿਚ 2.9 ਫ਼ੀਸਦੀ 'ਤੇ ਆ ਗਈ ਜਿਹੜੀ ਦਸੰਬਰ ਵਿਚ 3.4 ਫ਼ੀਸਦੀ 'ਤੇ ਸੀ। ਇਸ ਗਿਰਾਵਟ ਵਿਚ ਵੱਡਾ ਯੋਗਦਾਨ ਗੈਸੋਲੀਨ ਦਾ ਹੈ ਜਿਸ ਦੀਆਂ ਕੀਮਤਾਂ ਇਕ ਸਾਲ ਪਹਿਲਾਂ ਨਾਲੋਂ ਚਾਰ ਫ਼ੀਸਦੀ ਘਟੀਆਂ ਹਨ। ਦਸੰਬਰ ਵਿਚ 4.7 ਫ਼ੀਸਦੀ ਮੁਕਾਬਲੇ ਜਨਵਰੀ ਵਿਚ ਗਰੋਸਰੀ ਦੀਆਂ ਕੀਮਤਾਂ 3.4 ਫ਼ੀਸਦੀ ਰਹੀਆਂ। ਇਹ ਬੈਂਕ ਆਫ ਕੈਨੇਡਾ ਲਈ ਵੀ ਸਕਾਰਾਤਮਿਕ ਸੰਕੇਤ (ਬਾਕੀ ਸਫ਼ਾ 8 'ਤੇ)

# ਕੰਜ਼ਰਵੇਟਿਵਾਂ ਦੇ ਸਮਰਥਨ 'ਚ ਹੋ ਰਿਹਾ ਹੈ ਹੋਰ ਵਾਧਾ-ਨੈਨੋਜ਼

## ਲਿਬਰਲਾਂ ਤੇ ਐਨਡੀਪੀ ਦਰਮਿਆਨ ਬਰਾਬਰ ਦੀ ਟੱਕਰ

ਓਟਵਾ-ਨੈਨੋਜ਼ ਵੱਲੋਂ ਕਰਵਾਏ ਗਏ ਨਵੇਂ ਸਰਵੇਖਣ ਅਨੁਸਾਰ ਪਿਏਰ ਪੋਲੀਏਵਰ ਦੀ ਅਗਵਾਈ ਵਾਲੇ ਕੰਜ਼ਰਵੇਟਿਵਜ਼ ਦੇ ਸਮਰਥਨ ਵਿੱਚ ਹੋਰ ਵਾਧਾ ਹੋਇਆ ਹੈ ਤੇ ਲਿਬਰਲ ਅਤੇ ਨਿਊ ਡੈਮੋਕ੍ਰੈਟਸ ਦਰਮਿਆਨ ਮੁਕਾਬਲਾ ਬਰਾਬਰੀ ਉੱਤੇ ਚੱਲ ਰਿਹਾ ਹੈ। ਨੈਨੋਜ਼ ਦੇ ਇਸ ਨਵੇਂ ਸਰਵੇਖਣ ਅਨੁਸਾਰ ਪੋਲੀਏਵਰ ਦੀ ਮਕਬੂਲੀਅਤ ਵਿੱਚ ਤੇਜ਼ੀ ਨਾਲ ਵਾਧਾ ਦਰਜ ਕੀਤਾ ਗਿਆ ਹੈ ਜਦਕਿ ਉਨ੍ਹਾਂ ਦੀ ਪਾਰਟੀ ਨੂੰ ਫੈਡਰਲ ਲਿਬਰਲਾਂ ਨਾਲੋਂ 17 ਅੰਕਾਂ ਦੀ ਅਡਵਾਂਟੇਜ ਹਾਸਲ ਹੋਈ ਹੈ। ਕੰਜ਼ਰਵੇਟਿਵਾਂ ਦੇ ਸਮਰਥਨ ਵਿੱਚ ਪਿਛਲੇ ਚਾਰ ਹਫਤਿਆਂ ਦੌਰਾਨ ਵਾਧਾ ਵੇਖਣ ਨੂੰ ਮਿਲਿਆ ਹੈ ਤੇ ਕੰਜ਼ਰਵੇਟਿਵਾਂ ਨੂੰ 40.6 ਫੀ ਸਦੀ ਸਮਰਥਨ ਮਿਲ ਰਿਹਾ ਹੈ ਜਦਕਿ ਟਰੂਡੋ ਦੇ ਲਿਬਰਲਾਂ ਦੇ ਸਮਰਥਨ ਵਿੱਚ ਗਿਰਾਵਟ ਆਈ ਹੈ ਤੇ ਪਾਰਟੀ ਨੂੰ 23.8 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ।ਐਨਡੀਪੀ ਆਗੂ ਜਗਮੀਤ ਸਿੰਘ ਤੇ ਉਨ੍ਹਾਂ ਦੀ ਪਾਰਟੀ ਦੇ ਸਮਰਥਨ ਵਿੱਚ ਵੀ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ ਤੇ ਉਹ ਇਸ ਸਮੇਂ 21.9 ਫੀ ਸਦੀ ਸਮਰਥਨ ਦਾ ਆਨੰਦ ਮਾਣ ਰਹੇ ਹਨ। ਨੈਨੋਜ਼ ਰਿਸਰਚ ਦੇ ਚੀਫ ਡਾਟਾ ਸਾਇੰਟਿਸਟ ਨਿੱਕ ਨੈਨੋਜ਼ ਦਾ ਕਹਿਣਾ ਹੈ ਕਿ ਇਸ ਸਮੇਂ ਪੋਲੀਏਵਰ ਨੂੰ ਕਾਫੀ ਫਾਇਦਾ ਹੋ ਰਿਹਾ ਹੈ ਤੇ ਉਹ ਮੂਹਰਲੀ ਸੀਟ ਉੱਤੇ ਹਨ। ਲਿਬਰਲਾਂ ਨੂੰ ਕਾਫੀ ਨੁਕਸਾਨ ਹੋਇਆ ਹੈ ਤੇ ਐਨਡੀਪੀ ਨੂੰ ਫਾਇਦਾ ਹੋ ਰਿਹਾ ਹੈ। ਲਿਬਰਲਾਂ ਤੇ ਐਨਡੀਪੀ ਦਰਮਿਆਨ ਜਿਹੜਾ ਵਕਫਾ ਸੀ ਉਹ ਕਾਫੀ ਘੱਟ ਗਿਆ ਹੈ ਤੇ ਆਉਣ ਵਾਲੇ ਸਮੇਂ ਵਿੱਚ ਦੋਵੇਂ ਪਾਰਟੀਆਂ ਬਰਾਬਰੀ ਉੱਤੇ ਵੀ ਆ ਸਕਦੀਆਂ ਹਨ। ਇਸ ਦੇ ਨਾਲ ਹੀ ਨੈਨੋਜ਼ ਦੇ ਇੱਕ ਹੋਰ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਵਜੋਂ ਪੋਲੀਏਵਰ ਨੂੰ ਪਸੰਦ ਕਰ ਰਹੇ ਹਨ। 36 ਫੀ ਸਦੀ ਦਾ ਕਹਿਣਾ ਹੈ ਕਿ ਉਹ ਪੋਲੀਏਵਰ ਨੂੰ ਪ੍ਰਧਾਨ ਮੰਤਰੀ ਬਣਿਆ ਵੇਖਣਾ ਚਾਹੁੰਦੇ ਹਨ ਤੇ ਇਸ ਮਾਮਲੇ ਵਿੱਚ ਉਨ੍ਹਾਂ ਨੂੰ ਟਰੂਡੋ ਨਾਲੋਂ 16 ਅੰਕਾਂ ਦੀ ਐਡਵਾਂਟੇਜ ਮਿਲ ਰਹੀ ਹੈ। 20 ਫੀ ਸਦੀ ਦਾ ਕਹਿਣਾ ਹੈ ਕਿ ਉਹ ਟਰੂਡੋ ਨੂੰ ਹੀ ਪ੍ਰਧਾਨ ਮੰਤਰੀ ਵਜੋਂ ਵੇਖਣਾ ਚਾਹੁੰਦੇ ਹਨ ਜਦਕਿ 15 ਫੀ ਸਦੀ ਐਨਡੀਪੀ ਆਗੂ ਜਗਮੀਤ ਸਿੰਘ ਨੂੰ ਪ੍ਰਧਾਨ ਮੰਤਰੀ ਬਣਿਆ ਵੇਖਣਾ ਚਾਹੁੰਦੇ ਹਨ।




For All Kind of Real Estate Needs
ਕਾਬਲੀਅਤ, ਤਜਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫ਼ਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿੱਟ ਬਣਾਉਂਦੇ ਹਾਂ ਅਤੇ ਇਸ ਦੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D.
Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

ਇੰਸ਼ੋਰੈਂਸ ਦੇ ਮਾਹਰ
AMAN INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA ALBERTA - BC
Fuel and Insurance Paid by Company
NO DEDUCTIONS!!
ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸ਼ਨੀਵਾਰ: 604-808-9805
Email:safety@transourcefreightways.com

mortgages lab
ਕਿਸੇ ਵੀ ਤਰ੍ਹਾਂ ਦੀ ਮੋਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੇ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੋਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
Get Preapproval in 2 Hours
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com

ਪ੍ਰਦੇਸੀ
Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey


ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


FRASERVIEW
BANQUET HALL
presents
the Views
dosa hub
FUSION OF FLAVOURS
IN OUR EVERY BITE
LUNCH SPECIALS
11 AM - 3 PM
HAPPY HOURS
4 PM - 6 PM
8248, Fraser Street
236-455-5848
viewsdosahub.com

# ਪੰਜਾਬੀ ਸਹਿਤਕਾਰਾਂ ਪ੍ਰੋ: ਪੂਰਨ ਸਿੰਘ, ਨਾਵਲਕਾਰ ਜਸਵੰਤ ਸਿੰਘ ਕੰਵਲ, ਸਿੱਖ ਵਿਦਵਾਨ ਪ੍ਰੋ: ਹਰਿੰਦਰ ਸਿੰਘ ਮਹਿਬੂਬ ਅਤੇ ਡਾਕਟਰ ਦਲੀਪ ਕੌਰ ਟਿਵਾਣਾ ਦੀ ਯਾਦ 'ਚ ਸਮਾਗਮ

ਐਬਟਸਫੋਰਡ : ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਐਬਟਸਫੋਰਡ ਵਿਖੇ, ਪੰਜਾਬੀ ਸਹਿਤ ਸਭਾ ਮੁਢਲੀ ਰਜਿਸਟਰਡ, ਐਬਟਸਫੋਰਡ ਦੇ ਸਹਿਯੋਗ ਨਾਲ, ਪੰਜਾਬੀ ਸਾਹਿਤਕਾਰਾਂ ਪ੍ਰੋਫੈਸਰ ਪੂਰਨ ਸਿੰਘ, ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ, ਜਸਵੰਤ ਸਿੰਘ ਕੰਵਲ ਨਾਵਲਕਾਰ ਅਤੇ ਡਾਕਟਰ ਦਲੀਪ ਕੌਰ ਟਿਵਾਣਾ ਬਹੁਪੱਖੀ ਸਾਹਿਤਕਾਰ ਦੀ ਯਾਦ ਵਿੱਚ ਸਮਾਗਮ ਕਰਵਾਏ ਗਏ। ਇਹਨਾਂ ਸਮਾਗਮਾਂ ਵਿੱਚ ਉਪਰੋਕਤ ਸਾਹਿਤਕਾਰਾਂ ਦੀ ਜਿੱਥੇ ਪੰਜਾਬੀ ਸਾਹਿਤ ਦੇ ਵਡਮੁੱਲੇ ਵਿਕਾਸ ਲਈ ਨਿਭਾਈ ਭੂਮਿਕਾ ਨੂੰ ਯਾਦ ਕੀਤਾ ਗਿਆ,




ਉੱਥੇ ਸਿੱਖ ਬਿਰਤਾਂਤ, ਵਿਰਾਸਤ ਅਤੇ ਸਾਹਿਤ ਨੂੰ ਪ੍ਰਫੁੱਲਤ ਕਰਨ ਵਿੱਚ ਇਹਨਾਂ ਵੱਲੋਂ ਨਿਭਾਈ ਭੂਮਿਕਾ ਦੀ ਵੀ ਸ਼ਲਾਘਾ ਕੀਤੀ ਗਈ। ਮੁੱਖ ਬੁਲਾਰੇ ਡਾਕਟਰ ਗੁਰਵਿੰਦਰ ਸਿੰਘ, ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁਢਲੀ ਰਜਿਸਟਰਡ ਨੇ ਕਿਹਾ ਕਿ ਮੌਜੂਦਾ ਸਮੇਂ ਪੰਜਾਬੀ ਸਾਹਿਤਕਾਰਾਂ ਨੂੰ ਵਿਸ਼ਵ ਪੱਧਰ ਤੇ ਸਿਰਮੌਰ ਪੰਜਾਬੀ ਲਿਖਾਰੀ ਪ੍ਰੋਫੈਸਰ ਪੂਰਨ ਸਿੰਘ, ਨਾਵਲਕਾਰ ਜਸਵੰਤ ਸਿੰਘ ਕੰਵਲ, ਸਿੱਖੀ ਦਾ ਦਰਦ ਰੱਖਣ ਵਾਲੇ ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ ਅਤੇ ਡਾਕਟਰ ਦਲੀਪ ਕੌਰ ਟਿਵਾਣਾ ਦੇ ਨਕਸ਼ੇ ਕਦਮਾਂ 'ਤੇ ਚੱਲਣਾ ਚਾਹੀਦਾ ਹੈ, ਜਿਨਾਂ ਨੇ ਮਾਂ ਬੋਲੀ ਪੰਜਾਬੀ, ਗੁਰਮੁਖੀ, ਸਿੱਖ ਇਤਿਹਾਸ, ਗੁਰੂ ਗ੍ਰੰਥ ਸਾਹਿਬ ਅਤੇ ਵਿਰਾਸਤ ਤੋਂ ਮੂੰਹ ਨਹੀਂ ਮੋੜਿਆ ਅਤੇ ਪਿੱਠ ਨਹੀਂ ਦਿਖਾਈ। ਇਸ ਮੌਕੇ ਤੇ ਪ੍ਰਬੰਧਕਾਂ ਨੇ ਪੰਜਾਬੀ ਸਾਹਿਤ ਨਾਲ ਜੁੜੀਆਂ ਸ਼ਖਸੀਅਤਾਂ ਦੇ ਦਿਨ ਹਮੇਸ਼ਾ ਮਨਾਉਣ ਦਾ ਅਹਿਦ ਲਿਆ




## ਵੈਨਕੂਵਰ ਨਿਵਾਸੀ ਅਮਨਜੀਤ ਸਿੰਘ ਪੁਰੇਵਾਲ ਸਦੀਵੀ ਵਿਛੋੜਾ ਦੇ ਗਏ



ਸਰੀ (ਹਰਦਮ ਮਾਨ)-ਵੈਨਕੂਵਰ ਨਿਵਾਸੀ ਅਮਨਜੀਤ ਸਿੰਘ ਪੁਰੇਵਾਲ (ਸਪੁੱਤਰ ਸਰਦਾਰ ਗੁਰਮੇਜ ਸਿੰਘ ਪੁਰੇਵਾਲ ਤੇ ਜਸਬੀਰ ਕੌਰ ਪੁਰੇਵਾਲ) 15 ਫਰਵਰੀ 2024 ਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਦਾ ਪਿਛਲਾ ਪਿੰਡ ਸ਼ੰਕਰ ਜ਼ਿਲਾ ਜਲੰਧਰ ਸੀ। ਉਹਨਾਂ ਦਾ ਅੰਤਿਮ ਸੰਸਕਾਰ 24 ਫਰਵਰੀ 2024 ਨੂੰ ਸਵੇਰੇ 11 ਵਜੇ ਰਿਵਰਸਾਈਡ ਫਿਊਨਰਲ ਹੋਮ, 7410 ਹੋਪ ਕੋਟ ਰੋਡ, ਡੈਲਟਾ ਕੀਤਾ ਜਾਵੇਗਾ ਅਤੇ ਆਤਮਿਕ ਸ਼ਾਂਤੀ ਲਈ ਰੱਖੇ ਗਏ ਸਹਿਜ ਪਾਠ ਦਾ ਭੋਗ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ, 8000 ਰੌਸ ਸਟਰੀਟ, ਵੈਨਕੂਵਰ ਵਿਖੇ ਦੁਪਹਿਰ 1 ਵਜੇ ਪਵੇਗਾ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ. ਗੁਰਮੇਜ ਸਿੰਘ ਪੁਰੇਵਾਲ ਨਾਲ ਫੋਨ ਨੰਬਰ 604-325-9404, ਭਰਾ ਜਸਕਰਨ ਸਿੰਘ ਪੁਰੇਵਾਲ (ਗੋਗੀ) ਨਾਲ 778-893-2455, ਭੈਣ ਬਲਜੀਤ ਕੌਰ ਢਿੱਲੋਂ ਨਾਲ ਫੋਨ ਨੰਬਰ 778-808-8581 ਉਪਰ ਸੰਪਰਕ ਕੀਤਾ ਜਾ ਸਕਦਾ ਹੈ।

## ਵਿਧਾਇਕ ਪਰਗਟ ਸਿੰਘ ਸਣੇ ਦਰਜਨਾਂ ਕਾਂਗਰਸੀ ਆਗੂਆਂ 'ਤੇ ਕੇਸ ਦਰਜ

ਚੰਡੀਗੜ੍ਹ-ਚੰਡੀਗੜ੍ਹ ਪੁਲੀਸ ਨੇ ਕਾਂਗਰਸ ਦੇ ਵਿਧਾਇਕ ਪਰਗਟ ਸਿੰਘ, ਸੁਖਵਿੰਦਰ ਸਿੰਘ ਸਣੇ ਦਰਜਨਾਂ ਕਾਂਗਰਸੀ ਆਗੂਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਕਾਂਗਰਸ ਵੱਲੋਂ ਲੰਘੇ ਦਿਨ ਚੰਡੀਗੜ੍ਹ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਦੀ ਰਿਹਾਇਸ਼ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਇਸ ਦੌਰਾਨ ਪੁਲੀਸ ਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਝੜਪ ਹੋ ਗਈ ਸੀ, ਜਿਸ ਕਾਰਨ ਚੰਡੀਗੜ੍ਹ ਪੁਲੀਸ ਨੇ ਇਹ ਕਾਰਵਾਈ ਕੀਤੀ ਹੈ। ਇਹ ਕੇਸ ਚੰਡੀਗੜ੍ਹ ਦੇ ਥਾਣਾ ਸੈਕਟਰ-3 ਦੀ ਪੁਲੀਸ ਨੇ ਏਐੱਸਆਈ ਕਰਨ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਹੈ। ਸ਼ਿਕਾਇਤਕਰਤਾ ਦਾ ਕਹਿਣਾ ਕਿ ਲੰਘੇ ਦਿਨ ਕਾਂਗਰਸੀ ਆਗੂਆਂ ਨੇ ਸ਼ਹਿਰ ਵਿੱਚ ਧਾਰਾ-144 ਲੱਗੇ ਹੋਣ ਦੇ ਬਾਵਜੂਦ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਰਿਹਾਇਸ਼ ਮੂਹਰੇ ਪ੍ਰਦਰਸ਼ਨ ਕੀਤਾ।






# ਭਾਰਤੀ ਮੂਲ ਦੀ ਸਿੱਖ ਔਰਤ ਨੇ ਪਾਕਿਸਤਾਨੀ ਨਾਲ ਕੀਤਾ ਨਿਕਾਹ



ਇਸਲਾਮਾਬਾਦ-ਜਰਮਨੀ ਦੀ ਰਹਿਣ ਵਾਲੀ ਭਾਰਤੀ ਮੂਲ ਦੀ ਸਿੱਖ ਔਰਤ ਨੇ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਵਿਅਕਤੀ ਨਾਲ ਨਿਕਾਹ ਕਰਵਾ ਲਿਆ। ਖ਼ਬਰਾਂ ਮੁਤਾਬਕ ਜਸਪ੍ਰੀਤ ਕੌਰ, ਜਿਸ ਦਾ ਨਾਂ ਹੁਣ ਜ਼ੈਨਬ ਹੋ ਗਿਆ ਹੈ, ਨੇ ਅਲੀ ਅਰਸਲਾਨ ਨਾਲ ਵਿਆਹ ਕੀਤਾ ਹੈ। ਇਸ ਗੱਲ ਦੀ ਪੁਸ਼ਟੀ ਜਾਮੀਆ ਹਨਫੀਆ ਸਿਆਲਕੋਟ ਵੱਲੋਂ ਜਾਰੀ ਇਸਲਾਮ ਕਬੂਲਣ ਦੇ ਸਰਟੀਫਿਕੇਟ ਤੋਂ ਹੁੰਦੀ ਹੈ। ਜਸਪ੍ਰੀਤ ਕੌਰ ਲੁਧਿਆਣਾ ਦੀ ਰਹਿਣ ਵਾਲੀ ਹੈ। ਉਸ ਨੇ ਵਿਆਹ ਤੋਂ ਪਹਿਲਾਂ ਜਾਮੀਆ ਹਨਫ਼ੀਆ ਸਿਆਲਕੋਟ ਵਿਖੇ ਇਸਲਾਮ ਕਬੂਲ ਕਰ ਲਿਆ ਅਤੇ ਇੱਥੇ ਉਸ ਦਾ ਨਵਾਂ ਨਾਮ ਰੱਖਿਆ ਗਿਆ। ਖ਼ਬਰਾਂ ਮੁਤਾਬਕ ਵਿਦੇਸ਼ 'ਚ ਰਹਿੰਦੇ ਹੋਏ ਦੋਹਾਂ ਦੀ ਜਾਣ-ਪਛਾਣ ਹੋਈ ਤਾਂ ਅਰਸਲਾਨ ਨੇ ਉਸ ਨੂੰ ਪਾਕਿਸਤਾਨ ਆਉਣ ਦਾ ਸੱਦਾ ਦਿੱਤਾ ਅਤੇ ਉਥੇ ਹੀ ਉਨ੍ਹਾਂ ਨੇ ਵਿਆਹ ਕਰਵਾ ਲਿਆ ਜਸਪ੍ਰੀਤ ਕੌਰ 16 ਜਨਵਰੀ ਨੂੰ ਧਾਰਮਿਕ ਯਾਤਰਾ 'ਤੇ ਪਾਕਿਸਤਾਨ ਗਈ ਸੀ ਅਤੇ ਇਸੇ ਦੌਰਾਨ ਦੋਹਾਂ ਦਾ ਵਿਆਹ ਹੋ ਗਿਆ। ਉਸ ਕੇ ਕੋਲ ਭਾਰਤੀ ਪਾਸਪੋਰਟ ਵੀ ਹੈ ਤੇ ਉਸ ਨੂੰ 15 ਅਪਰੈਲ ਤੱਕ ਸਿੰਗਲ ਐਂਟਰੀ ਵੀਜ਼ਾ ਦਿੱਤਾ ਗਿਆ ਸੀ।



# ਲੈਫਟੀਨੈਂਟ ਗਵਰਨਰ ਦੇ ਭਾਸ਼ਣ ਵਿਚ ਮਜ਼ਬੂਤ ਸੂਬੇ ਲਈ ਸਰਕਾਰ ਦੇ ਦ੍ਰਿਸ਼ਟੀਕੋਣ ਦੀ ਰੂਪ-ਰੇਖਾ ਪੇਸ਼

ਵਿਕਟੋਰੀਆ-ਲੈਫਟੀਨੈਂਟ ਗਵਰਨਰ ਜੈਨੇਟ ਔਸਟਿਨ ਨੇ 42ਵੀਂ ਪਾਰਲੀਮੈਂਟ ਦੇ ਆਖਰੀ ਇਜਲਾਸ ਦੀ ਸ਼ੁਰੂਆਤ ਥ੍ਰੋਨ ਸਪੀਚ ਨਾਲ ਕਰਦਿਆਂ ਲੋਕਾਂ ਲਈ ਬਿਹਤਰ ਕੰਮ ਕਰਨ ਵਾਲੇ ਮਜ਼ਬੂਤ ਬੀਸੀ ਲਈ ਸਰਕਾਰ ਦੇ ਦ੍ਰਿਸ਼ਟੀਕੋਣ ਦੀ ਰੂਪ ਰੇਖਾ ਪੇਸ਼ ਕੀਤੀ ਗਈ। ਪ੍ਰੀਮੀਅਰ ਡੇਵਿਡ ਏਬੀ ਨੇ ਕਿਹਾ ਕਿ ਜਿਥੇ ਸਾਡੀ ਸਰਕਾਰ ਨੂੰ ਔਖੇ ਸਮੇਂ ਵਿਚ ਲੋਕਾਂ ਲਈ ਕੀਤੀ ਗਈ ਤਰੱਕੀ 'ਤੇ ਮਾਣ ਹੈ ਫਿਰ ਵੀ ਅਸੀਂ ਸੰਤੁਸ਼ਟ ਨਹੀਂ ਹਾਂ। ਘੱਟ ਬੇਰੁਜ਼ਗਾਰੀ ਅਤੇ ਦੇਸ਼ ਭਰ ਵਿਚੋਂ ਸਭ ਤੋਂ ਵੱਧ ਤਨਖਾਹਾਂ ਨਾਲ ਸਾਡੀ ਆਰਥਿਕਤਾ ਮਜ਼ਬੂਤ ਹੈ ਫਿਰ ਵੀ ਬਹੁਤ ਸਾਰੇ ਲੋਕ ਅੱਗੇ ਵਧਣ ਲਈ ਸੰਘਰਸ਼ ਕਰ ਰਹੇ ਹਨ। ਇਨ੍ਹਾਂ ਵਿਚ ਉਹ ਲੋਕ ਵੀ ਹਨ ਜਿਹੜੇ ਚੰਗੀ ਤਨਖਾਹ ਲੈਂਦੇ ਹਨ। ਅਸੀਂ ਵੱਡੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਲੋਕਾਂ ਨੂੰ ਇਕਜੁੱਟ ਕਰਨਾ ਜਾਰੀ ਰੱਖਾਂਗੇ ਅਤੇ ਇਥੇ ਬਿਹਤਰ ਜ਼ਿੰਦਗੀ ਬਣਾਉਣ ਲਈ ਹਰ ਕਿਸੇ ਦੀ ਮਦਦ ਕੀਤੀ ਜਾਵੇਗੀ। ਲੈਫਟੀਨੈਂਟ ਗਵਰਨਰ ਅਤੇ ਲੈਜਿਸਲੇਚਰ ਦੇ ਮੈਂਬਰਾਂ ਦਾ ਸੌਨਗੀਸ ਨੇਸ਼ਨ ਦੇ ਲੋਕਵਾਂਗਨ ਗਾਇਕਾਂ ਅਤੇ ਨ੍ਰਿਤਕਾਂ ਵਲੋਂ ਸਵਾਗਤ ਕੀਤਾ ਗਿਆ ਹੈ ਜੋ ਬੀਸੀ ਦੀ ਰੀਕੌਂਸੀਲੀਏਸ਼ਨ (ਮੇਲ-ਮਿਲਾਪ) ਪ੍ਰਤੀ ਵਚਨਬੱਧਤਾ ਅਤੇ ਇੰਡੀਜੀਨਸ (ਮੂਲ ਵਾਸੀ) ਲੋਕਾਂ ਨਾਲ ਭਾਈਵਾਲੀ ਵਿਚ ਅੱਗੇ ਵਧਣ ਦਾ ਇਕ ਮਹੱਤਵਪੂਰਣ ਚਿੰਨ ਹੈ। ਇਸ ਭਾਸ਼ਣ ਵਿਚ ਸਰਕਾਰ ਵਲੋਂ ਅਗਲੇ ਕੁਝ ਮਹੀਨਿਆਂ ਵਿਚ ਮੱਧਵਰਗ ਲੋਕਾਂ ਨੂੰ ਜ਼ਿਆਦਾ ਘਰ ਹੋਰ ਤੇਜ਼ੀ ਨਾਲ ਉਪਲਬਧ ਕਰਵਾਉਣ, ਕੰਮਕਾਜੀ ਪਰਿਵਾਰਾਂ ਤੇ ਛੋਟੇ ਕਾਰਬਾਰਾਂ ਦੇ ਖਰਚਿਆਂ ਵਿਚ ਮਦਦ ਕਰਨ, ਜਨਤਕ ਸਿਹਤ ਦੇਖਭਾਲ ਤੇ ਸੇਵਾਵਾਂ ਨੂੰ ਮਜ਼ਬੂਤ ਕਰਨ ਤੇ ਵਾਤਾਵਰਣ ਪੱਖੀ ਅਜਿਹੀ ਹੋਰ ਸਾਫ ਸੁਥਰੀ ਆਰਥਿਕਤਾ ਬਣਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ ਦੀ ਰੂਪਰੇਖਾ ਪੇਸ਼ ਕੀਤੀ ਗਈ ਜਿਹੜੀ ਸਾਰਿਆਂ ਲਈ ਕੰਮ ਕਰਦੀ ਹੈ ਨਾ ਸਿਰਫ ਅਮੀਰ ਲੋਕਾਂ ਲਈ।

# ਨੇਤਾਵਾਂ ਵਿਚਕਾਰ ਵਿਵਾਦ ਦਰਮਿਆਨ ਕੈਨੇਡਾ ਨੇ ਕਾਨੂੰਨ ਦੇ ਸ਼ਾਸਨ ਬਾਰੇ ਭਾਰਤੀ ਅਧਿਕਾਰੀਆਂ ਲਈ ਲਗਾਈ ਵਰਕਸ਼ਾਪ

ਓਟਵਾ-ਕੈਨੇਡੀਅਨ ਅਧਿਕਾਰੀ ਕਾਨੂੰਨ ਦੇ ਸ਼ਾਸਨ ਜਿਵੇਂ ਇਸ ਨੂੰ ਕੈਨੇਡਾ ਦੇਖਦਾ ਹੈ ਬਾਰੇ ਆਪਣੇ ਭਾਰਤੀ ਹਮਰੁਤਬਾ ਨੂੰ ਵਰਕਸ਼ਾਪਾਂ ਦੀ ਪੇਸ਼ਕਸ਼ ਕਰ ਰਹੇ ਹਨ ਜਦਕਿ ਸਿੱਖ ਵੱਖਵਾਦ ਨੂੰ ਲੈ ਕੇ ਤਣਾਅ ਵਧ ਰਿਹਾ ਹੈ। ਸੀਨੀਅਰ ਨੌਕਰਸ਼ਾਹ ਵੈਲਡਨ ਐਪ ਨੇ ਇਸ ਮਹੀਨੇ ਐਮਪੀਜ਼ ਨੂੰ ਦੱਸਿਆ ਕਿ ਭਾਰਤ ਕੱਟੜਵਾਦ ਜਾਂ ਇਥੋਂ ਤਕ ਅੱਤਵਾਦ ਨੂੰ ਕਿਵੇਂ ਪ੍ਰੀਭਾਸ਼ਤ ਕਰਦਾ ਹੈ ਉਹ ਹਮੇਸ਼ਾ ਸਾਡੀ ਕਾਨੂੰਨੀ ਪ੍ਰਣਾਲੀ ਵਿਚ ਫਿਟ ਨਹੀਂ ਬੈਠਦਾ। ਹੁਣ ਜਸਟਿਸ ਕੈਨੇਡਾ ਅਤੇ ਅਤੀਤ ਵਿਚ ਆਰਸੀਐਮਪੀ ਨੇ ਭਾਰਤ ਸਰਕਾਰ ਨੂੰ ਇਹ ਦੱਸਣ ਲਈ ਕਿ ਸਾਡੇ ਕਾਨੂੰਨੀ ਮਿਆਰ ਕੀ ਹੋਣਗੇ ਪ੍ਰਭਾਵਸ਼ਾਲੀ ਢੰਗ ਨਾਲ ਵਰਕਸ਼ਾਪਾਂ ਆਯੋਜਿਤ ਕੀਤੀਆਂ ਹਨ। ਪਿਛਲੇ ਸਾਲ ਜੂਨ ਵਿਚ ਸਿੱਖ ਕਮਿਊਨਿਟੀ ਨੇਤਾ ਹਰਦੀਪ ਸਿੰਘ ਨਿੱਝਰ ਦੀ ਸਰੀ ਵਿਚ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ ਅਤੇ ਉਸ ਦੇ ਸਮਰਥਕਾਂ ਨੇ ਇਸ ਕਤਲ ਦਾ ਦੋਸ਼ ਭਾਰਤ 'ਤੇ ਲਗਾਇਆ ਸੀ। ਨਿੱਝਰ ਕੈਨੇਡਾ ਵਿਚ ਵੱਡੀ ਗਿਣਤੀ ਵਿਚ ਵਸੇ ਕੁਝ ਹੋਰ ਸਿੱਖਾਂ ਵਾਂਗ ਪ੍ਰਭੂਤਾਸੰਪਨ ਦੇਸ਼ ਜਿਸ ਨੂੰ ਖਾਲਿਸਤਾਨ ਕਿਹਾ ਜਾਂਦਾ ਹੈ ਨੂੰ ਬਣਾਉਣ ਦੀ ਵਕਾਲਤ ਕਰਦਾ ਸੀ। ਸਤੰਬਰ ਮਹੀਨੇ ਟਰੂਡੋ ਨੇ ਧਮਾਕੇਦਾਰ ਖੁਲਾਸਾ ਕਰਦਿਆਂ ਕਿਹਾ ਕਿ ਕੈਨੇਡੀਅਨ ਖੁਫ਼ੀਆ ਏਜੰਸੀ ਭਾਰਤ ਸਰਕਾਰ ਅਤੇ ਨਿੱਝਰ ਦੀ ਮੌਤ ਵਿਚਕਾਰ ਸੰਭਾਵੀ ਸਬੰਧਾਂ ਦੇ ਭਰੋਸੇਯੋਗ ਦੋਸ਼ਾਂ ਦੀ ਪੈਰਵੀ ਕਰ ਰਹੀਆਂ ਹਨ। ਕੈਨੇਡੀਅਨ ਅਧਿਕਾਰੀਆਂ ਨੇ ਉਸ ਸਮੇਂ ਤੋਂ ਭਾਰਤੀ ਹਮਰੁਤਬਾ ਤੋਂ ਬਿਹਤਰ ਸਹਿਯੋਗ ਦੀ ਮੰਗ ਕੀਤੀ ਹੈ। ਭਾਰਤੀ ਅਧਿਕਾਰੀ ਕੈਨੇਡਾ 'ਤੇ ਬਹੁਤ ਥੋੜੇ ਸਬੂਤ ਮੁਹੱਈਆ ਕਰਨ ਦੇ ਦੋਸ਼ ਲਗਾਉਂਦੇ ਹਨ।

# ਕੈਨੇਡਾ ਦੀ ਸੁਪਰੀਮ ਕੋਰਟ ਵਿਚ ਪਹਿਲੀ ਵਾਰ ਔਰਤ ਜੱਜਾਂ ਦੀ ਬਹੁਗਿਣਤੀ



ਓਟਵਾ-ਕੈਨੇਡਾ ਦੀ ਸੁਪਰੀਮ ਕੋਰਟ ਵਿਚ ਔਰਤ ਜੱਜਾਂ ਦੀ ਬਹੁਗਿਣਤੀ ਹੋ ਗਈ ਹੈ। ਸੁਪਰੀਮ ਕੋਰਟ ਦੀ ਸਭ ਤੋਂ ਨਵੀਂ ਜੱਜ ਜਸਟਿਸ ਮੈਰੀ ਮੋਰੇਉ ਨੇ ਕਿਹਾ ਕਿ ਕੈਨੇਡੀਅਨ ਜਸਟਿਸ ਸਿਸਟਮ ਵਿਚ ਭਰੋਸਾ ਜਨਤਾ ਨੂੰ ਸਪਸ਼ਟ ਸੰਦੇਸ਼ 'ਤੇ ਨਿਰਭਰ ਕਰਦਾ ਹੈ ਅਤੇ ਉਨ੍ਹਾਂ ਦਾ ਦੇਸ਼ ਦੀ ਸਰਬਉੱਚ ਅਦਾਲਤ ਵਿਚ ਅਧਿਕਾਰਤ ਤੌਰ 'ਤੇ ਸਵਾਗਤ ਕੀਤਾ ਗਿਆ। ਜਸਟਿਸ ਮੋਰੇਉ ਨੇ ਨਵੰਬਰ ਵਿਚ ਸਹੁੰ ਚੁੱਕੀ ਸੀ। ਉਨ੍ਹਾਂ ਦੀ ਨਿਯੁਕਤੀ ਦਾ ਮਤਲਬ ਕੈਨੇਡਾ ਦੀ ਸੁਪਰੀਮ ਕੋਰਟ ਦੇ ਇਤਿਹਾਸ ਵਿਚ ਪਹਿਲੀ ਵਾਰ ਸੁਪਰੀਮ ਕੋਰਟ ਦੇ 9 ਜਸਟਿਸਾਂ ਵਿਚੋਂ ਬਹੁਤੀਆਂ ਔਰਤਾਂ ਹਨ। ਮੋਰੇਉ 1980 ਵਿਚ ਅਲਬਰਟਾ ਵਿਚ ਬਾਰ ਦੀ ਮੈਂਬਰ ਬਣੀ ਸੀ ਅਤੇ ਉਨ੍ਹਾਂ ਨੇ 14 ਸਾਲ ਵਕੀਲ ਵਜੋਂ ਸੇਵਾ ਕੀਤੀ। 1994 ਵਿਚ ਉਨ੍ਹਾਂ ਨੂੰ ਅਲਬਰਟਾ ਦੀ ਕੋਰਟ ਆਫ ਕਿੰਗਸ ਬੈਂਚ ਲਈ ਜੱਜ ਨਿਯੁਕਤ ਕੀਤਾ ਗਿਆ ਸੀ। ਉਹ 1997 ਵਿਚ ਅਲਬਰਟਾ ਵਿਚ ਕੋਰਟ ਆਫ ਕਿੰਗਸ ਬੈਂਚ ਦੀ ਚੀਫ ਜਸਟਿਸ ਬਣੀ ਸੀ। ਆਪਣੇ ਭਾਸ਼ਣ ਦੌਰਾਨ ਮੋਰੇਉ ਨੇ ਯਾਦ ਕੀਤਾ ਕਿ ਕਿਵੇਂ ਉਨ੍ਹਾਂ ਦੇ ਕੈਰੀਅਰ ਦੇ ਸ਼ੁਰੂ ਵਿਚਲੇ ਤਜਰਬੇ ਨੇ ਉਨ੍ਹਾਂ ਦੇ ਪੇਸ਼ੇਵਰ ਵਿਸ਼ਵਾਸ ਨੂੰ ਢਾਲਿਆ। ਉਨ੍ਹਾਂ ਚੇਤੇ ਕਰਦਿਆਂ ਕਿਹਾ ਕਿ ਜਦੋਂ ਉਸ ਨੇ ਪਹਿਲੀ ਵਾਰ ਜੱਜ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਸੀ ਤਾਂ ਉਸ ਨੇ ਇਕ ਸੀਨੀਅਰ ਸਹਿਕਰਮੀ ਤੋਂ ਉਸ ਦੀ ਉਮਰ ਤੇ ਪੇਸ਼ੇਵਰ ਤਜਰਬੇ ਬਾਰੇ ਟਿੱਪਣੀ ਕਰਦੇ ਸੁਣਿਆਂ ਸੀ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic-crcic
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839





# ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੀ ਪੰਜਾਬ ਤਬਦੀਲ ਲਈ ਭੁੱਖ ਹੜਤਾਲ ਸ਼ੁਰੂ


## ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਉਪਰੰਤ ਸਾਰਾਗੜ੍ਹੀ ਸਰਾਂ ਦੇ ਬਾਹਰ ਭੁੱਖ ਹੜਤਾਲ ਦੀ ਅਗਵਾਈ ਬੀਬੀ ਬਲਵਿੰਦਰ ਕੌਰ ਨੇ ਕੀਤੀ

ਅੰਮ੍ਰਿਤਸਰ-ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅਤੇ ਡਿਬਰੂਗੜ੍ਹ ਜੇਲ੍ਹ 'ਚ ਨਜ਼ਰ ਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀ ਨਜ਼ਰਬੰਦਾਂ ਨੂੰ ਪੰਜਾਬ ਦੀ ਜੇਲ੍ਹ 'ਚ ਤਬਦੀਲ ਕਰਾਉਣ ਦੀ ਮੰਗ ਨੂੰ ਲੈ ਕੇ ਉਨ੍ਹਾਂ ਦੇ ਮਾਤਾ ਪਿਤਾ, ਨਜ਼ਰਬੰਦ ਸਿੱਖ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਅਤੇ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਸਨਮੁੱਖ ਇਕੱਤਰਤਾ ਅਤੇ ਅਰਦਾਸ ਉਪਰੰਤ ਵਾ ਗਿਆਰਾਂ ਵਜੇ ਸਾਰਾਗੜ੍ਹੀ ਸਰਾਂ ਦੇ ਬਾਹਰ ਅਣ ਮਿਥੇ ਸਮੇਂ ਲਈ ਭੁੱਖ ਹੜਤਾਲ 'ਤੇ ਬੈਠ ਗਏ ਹਨ। ਜਿਸ ਦੀ ਅਗਵਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਵੱਲੋਂ ਕੀਤੀ ਜਾ ਰਹੀ ਹੈ। ਇਕੱਤਰਤਾ ਮੌਕੇ ਉਨ੍ਹਾਂ ਨਾਲ ਸਰਦਾਰ ਤਰਸੇਮ ਸਿੰਘ , ਸਿਮਰਨਜੀਤ ਸਿੰਘ ਮਾਨ, ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਗੁਰਚਰਨ ਸਿੰਘ ਗਰੇਵਾਲ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਕੰਵਰ ਚੜ੍ਹਤ ਸਿੰਘ ਫੈਡਰੇਸ਼ਨ ਪ੍ਰਧਾਨ, ਬਲਵੰਤ ਸਿੰਘ ਗੋਪਾਲਾ, ਉਪਕਾਰ ਸਿੰਘ ਸੰਧੂ ਅਤੇ ਹਰਪਾਲ ਸਿੰਘ ਬਲੇਰ ਤੋਂ ਇਲਾਵਾ ਡਿਬਰੂਗੜ੍ਹ ਜੇਲ੍ਹ 'ਚ ਨਜ਼ਰ ਬੰਦ ਹੋਰ ਸਿੱਖ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਸ਼ਾਮਿਲ ਹਨ। ਇਸ ਮੌਕੇ ਬੀਬੀ ਬਲਵਿੰਦਰ ਕੌਰ ਨੇ ਕਿਹਾ ਕਿ ਸਰਕਾਰ ਤੋਂ ਸਿੱਖਾਂ ਨੂੰ ਇਨਸਾਫ਼ ਮਿਲਣ ਦੀ ਕੋਈ ਉਮੀਦ ਨਹੀਂ ਰਹੀ ਹੈ। ਹੁਣ ਸਾਡਾ ਸਰਕਾਰ 'ਤੇ ਕੋਈ ਵਿਸ਼ਵਾਸ ਨਹੀਂ ਰਿਹਾ। ਡਿਬਰੂਗੜ ਜੇਲ੍ਹ ਵਿਚ ਨਜ਼ਰਬੰਦ ਸਿੱਖ ਨੌਜਵਾਨਾਂ ਦਾ ਕੋਈ ਨੁਕਸਾਨ ਹੋਇਆ ਤਾਂ ਸਰਕਾਰ ਜ਼ਿੰਮੇਵਾਰ ਹੋਵੇਗੀ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਹੁਣ ਹਰਕਤ ਵਿਚ ਆਈ ਹੈ ਜਦੋਂ ਕਿ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਡਿਬਰੂਗੜ ਦੇ ਹਾਲਾਤਾਂ ਅਤੇ ਨੌਜਵਾਨਾਂ ਵੱਲੋਂ ਜੀਵਨ ਮੌਤ ਦੀ ਲੜਾਈ ਲੜ ਰਹੇ ਹੋਣ ਬਾਰੇ ਜਾਣੂ ਕਰਾਉਣ ਦੀ ਕਈ ਵਾਰ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਨੇ ਕੋਈ ਦਿਲਚਸਪੀ ਅਤੇ ਗੰਭੀਰਤਾ ਨਹੀਂ ਦਿਖਾਈ। ਅੱਜ ਭੁੱਖ ਹੜਤਾਲ 'ਤੇ ਬੈਠਣ ਦੇ ਫੈਸਲੇ ਕਾਰਨ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨਾਲ ਗਲ ਕਰਾਉਣ ਦੇ ਲਾਰੇ ਲਾਏ ਗਏ ਪਰ ਅਸੀਂ ਕਿਹਾ ਕਿ ਪੰਜਾਬ ਸਰਕਾਰ ਐਲਾਨ ਕਰੇ ਕਿ ਸਾਡੇ ਪੰਜਾਬ ਦੇ ਨੌਜਵਾਨ ਹਨ ਤੇ





ਪੰਜਾਬ ਲਿਆਉਣਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਨੌਜਵਾਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ ਤੇ ਸੰਘਰਸ਼ ਅਰੰਭ ਦਿੱਤਾ ਹੈ ਸਤਿਗੁਰੂ ਹਰਗੋਬਿੰਦ ਪਾਤਸ਼ਾਹ ਆਪ ਹੀ ਬਿਧ ਬਣਾਉਣਗੇ। ਉਨ੍ਹਾਂ ਸੰਗਤ ਨੂੰ ਸਾਥ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਡਿਬਰੂਗੜ 'ਚ 10 ਅਤੇ ਪੰਜਾਬ ਦੀਆਂ ਜੇਲ੍ਹਾਂ 'ਚ 30 ਕੁਲ 40 ਨਜ਼ਰਬੰਦ ਨੌਜਵਾਨ ਭੁੱਖ ਹੜਤਾਲ 'ਤੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਐਨ ਐਸ ਏ ਲਗਾਦੇ ਰਹੇ ਹਨ ਪਰ ਉਨ੍ਹਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਹੀ ਰੱਖਿਆ ਜਾਂਦਾ ਰਿਹਾ ਪਰ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਨੂੰ ਹਜ਼ਾਰਾਂ ਮੀਲ ਦੂਰ ਉਨ੍ਹਾਂ ਦਾ ਮਨੋਬਲ ਡੇਗਣ ਲਈ ਸੁੱਟਿਆ ਗਿਆ ਅਤੇ ਦਹਿਸ਼ਤਜਦਾ ਮਹੌਲ ਕਰਨ ਲਈ ਦਿੱਲੀ ਦੀ ਸਿੱਧੀ ਨਿਗਰਾਨੀ ਵਿੱਚ ਰੱਖਿਆ ਗਿਆ ।ਪਰ ਕਲਗੀਧਰ ਪਾਤਸ਼ਾਹ ਦੀ ਕ੍ਰਿਪਾ ਨਾਲ ਉਹ ਦੱਸ ਸਿਘ ਉੱਥੇ ਸੈਂਕੜਿਆਂ ਦੀ ਗਿਣਤੀ ਵਿੱਚ ਤਾਇਨਾਤ ਫੋਰਸਜ ਅੱਗੇ ਝੁਕੇ ਨਹੀਂ । ਉਨ੍ਹਾਂ 'ਦੇ ਬਾਥਰੂਮ ਜਾਣ ਤਕ ਦੀ ਕੈਮਰਿਆਂ ਨਾਲ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਤਕ ਨਜ਼ਰਬੰਦ ਸਿਘ ਪੰਜਾਬ ਤਬਦੀਲ ਹੋ ਕੇ ਅੰਨ ਪਾਣੀ ਨਹੀਂ ਛਕਣਗੇ ਅਸੀਂ ਵੀ ਸਾਰੇ ਪਰਿਵਾਰ ਰੋਜ਼ਾਨਾ ਭੁੱਖ ਹੜਤਾਲ 'ਤੇ ਬੈਠਾਂਗੇ। ਸਾਨੂੰ ਮੌਤ ਦਾ ਕੋਈ ਡਰ ਨਹੀਂ।ਉਨ੍ਹਾਂ ਕਿਹਾ ਕਿ ਡਿਬਰੂਗੜ ਜੇਲ੍ਹ 'ਚ ਨਜ਼ਰਬੰਦ ਨੌਜਵਾਨਾਂ ਨੇ ਫ਼ੈਸਲਾ ਕੀਤਾ ਹੈ ਕਿ ਭੁੱਖ ਹੜਤਾਲ ਦੌਰਾਨ ਉਨ੍ਹਾਂ ਦੀ ਮੌਤ ਹੋ ਜਾਣ ਦੀ ਸਥਿਤੀ 'ਚ ਵੀ ਅਸਾਮ ਦਾ ਪਾਣੀ ਉਨ੍ਹਾਂ ਦੇ ਮੂੰਹ 'ਚ ਨਾ ਪਾਇਆ ਜਾਵੇ। ਸੋ ਸੰਗਤਾਂ ਨੂੰ ਤਕੜੇ ਹੋ ਕੇ ਵੱਡੀ ਗਿਣਤੀ ਵਿੱਚ ਜਿਸ ਜਗ੍ਹਾ ਅਸੀਂ ਭੁੱਖ ਹੜਤਾਲ ਦੀ ਲੜੀ ਨਜ਼ਰਬੰਦ ਸਿੰਘਾਂ ਦੇ ਪਰਿਵਾਰਾਂ ਨੇ ਸ਼ੁਰੂ ਕੀਤੀ ਹੈ ਉੱਥੇ ਪਹੁੰਚੋ ਤਾਂ ਕਿ ਸੰਘਰਸ਼ ਵਿੱਚ ਹੋਰ ਸਖ਼ਤ ਕਦਮ ਚੁਕੀਏ।






# ਕਿਸਾਨ ਅੰਦੋਲਨ ਦੀ ਮੁੜ ਗੂੰਜ...

**ਸੁਖਵਿੰਦਰ ਸਿੰਘ ਚੋਹਲਾ**

ਨਵੰਬਰ 2021 ਵਿਚ ਤਿੰਨ ਖੇਤੀ ਕਨੂੰਨ ਰੱਦ ਕੀਤੇ ਜਾਣ ਉਪਰੰਤ ਮੁਲਤਵੀ ਕੀਤਾ ਗਿਆ ਕਿਸਾਨ ਅੰਦੋਲਨ ਦਿੱਲੀ ਕੂਚ ਦੇ ਸੱਦੇ ਨਾਲ ਮੁੜ ਸ਼ੁਰੂ ਹੋ ਗਿਆ ਹੈ। ਸਾਂਝਾ ਕਿਸਾਨ ਮੋਰਚਾ ਨੇ ਮੋਦੀ ਸਰਕਾਰ ਵਲੋਂ ਆਪਣੇ ਵਾਅਦੇ ਪੂਰੇ ਨਾ ਕਰਨ ਅਤੇ ਲਟਕ ਰਹੀਆਂ ਮੰਗਾਂ ਨੂੰ ਮਨਵਾਉਣ ਲਈ 13 ਫਰਵਰੀ ਨੂੰ ਦਿੱਲੀ ਕੂਚ ਦਾ ਸੱਦਾ ਦਿੱਤਾ ਗਿਆ ਪਰ ਹਰਿਆਣਾ ਸਰਕਾਰ ਵਲੋਂ ਸ਼ੰਭੂ ਬਾਰਡਰ ਤੇ ਕਿਸਾਨਾਂ ਨੂੰ ਰੋਕਣ ਲਈ ਕੀਤੀਆਂ ਪੇਸ਼ਬੰਦੀਆਂ ਅਤੇ ਕਿਸਾਨਾਂ ਤੇ ਪੁਲਿਸ ਵਿਚਾਲੇ ਭਾਰੀ ਝੜਪਾਂ ਦੌਰਾਨ ਸੈਂਕੜੇ ਕਿਸਾਨ ਜ਼ਖਮੀ ਹੋ ਗਏ ਜਿਹਨਾਂ ਚੋਂ ਕਈਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ।

ਭਾਵੇਂ ਕਿ 2020-21 ਵਾਲੇ ਕਿਸਾਨ ਅੰਦੋਲਨ ਦੀ ਅਗਵਾਈ ਕਰਨ ਵਾਲੀਆਂ ਜਥੇਬੰਦੀਆਂ, ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਤੇ ਸਰਵਣ ਸਿੰਘ ਪੰਧੇਰ ਦੀ ਅਗਵਾਈ ਵਾਲੇ ਸਾਂਝੇ ਮੋਰਚੇ ਵਲੋਂ ਇਸ ਮੁੜ ਵਿੱਢੇ ਸੰਘਰਸ਼ ਦਾ ਹਿੱਸਾ ਨਹੀਂ ਪਰ ਸ਼ੰਭੂ ਬਾਰਡਰ ਤੇ ਹਰਿਆਣਾ ਪੁਲਿਸ ਵਲੋਂ ਜਿਸ ਤਰਾਂ ਕਿਸਾਨਾਂ ਉਪਰ ਡਰੋਨ ਹਮਲਿਆਂ ਰਾਹੀਂ ਤਸ਼ੱਦਦ ਢਾਹਿਆ ਗਿਆ, ਉਸਨੂੰ ਵੇਖਦਿਆਂ ਉਗਰਾਹਾਂ ਤੇ ਰਾਜੇਵਾਲ ਦੀ ਅਗਵਾਈ ਵਾਲੀਆਂ ਜਥੇਬੰਦੀਆਂ ਨੇ ਆਪਣੇ ਢੰਗ ਨਾਲ ਸੰਘਰਸ਼ ਵਿਚ ਕੁੱਦਣ ਦਾ ਐਲਾਨ ਕੀਤਾ ਹੈ। ਪੰਜਾਬ ਤੋਂ ਬਾਹਰ ਪੱਛਮੀ ਯੂਪੀ ਦੇ ਕਿਸਾਨ ਆਗੂ ਰਾਕੇਸ਼ ਟਿਕੈਤ ਅਤੇ ਹਰਿਆਣਾ ਦੇ ਆਗੂ ਗੁਰਨਾਮ ਸਿੰਘ ਚੜੂਨੀ ਵੀ ਭਾਵੇਂ ਸਿੱਧੇ ਰੂਪ ਵਿਚ ਅੰਦੋਲਨ ਦਾ ਹਿੱਸਾ ਨਹੀ ਪਰ ਉਹਨਾਂ ਵੀ ਕਿਸਾਨਾਂ ਉਪਰ ਤਸ਼ੱਦਦ ਦੀ ਨਿੰਦਾ ਕਰਦਿਆਂ ਸਰਕਾਰ ਵਲੋਂ ਮੰਨੀਆਂ ਗਈਆਂ ਮੰਗਾਂ ਤੋਂ ਮੁਕਰਨ ਲਈ ਸਰਕਾਰ ਨੂੰ ਘੇਰਿਆ ਹੈ।

ਜਿੱਥੋਂ ਤੱਕ ਮੰਗਾਂ ਦਾ ਸਵਾਲ ਹੈ ਇਨ੍ਹਾਂ ਵਿੱਚ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ, ਵਿਸ਼ਵ ਵਪਾਰ ਸੰਗਠਨ ਚੋਂ ਭਾਰਤ ਨੂੰ ਬਾਹਰ ਰੱਖਣ, ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ, ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਪੈਨਸ਼ਨ ਸਕੀਮ, 2020-21 ਦੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਕਿਸਾਨਾਂ ਖ਼ਿਲਾਫ਼ ਦਰਜ ਕੇਸ ਵਾਪਸ ਲੈਣ ਅਤੇ ਮੁਆਵਜ਼ੇ ਦੀ ਮੰਗ ਦੇ ਨਾਲ ਲਖੀਮਪੁਰ ਖੇੜੀ ਕਾਂਡ ਦੇ ਪੀੜਤਾਂ ਲਈ ਨਿਆਂ ਤੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਾਅਦ 2021 ਵਿੱਚ ਭਾਜਪਾ ਦੁਆਰਾ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਤੇ ਜੋਰ ਦਿੱਤਾ ਜਾ ਰਿਹਾ ਹੈ।




ਪ੍ਰਦਰਸ਼ਨਕਾਰੀ ਕਿਸਾਨਾਂ ਵੱਲੋਂ ਕੌਮੀ ਰਾਜਧਾਨੀ ਦਿੱਲੀ ਵੱਲ ਮਾਰਚ ਕਰਨ ਦੇ ਦਿੱਤੇ ਸੱਦੇ ਦੇ ਮੱਦੇਨਜ਼ਰ ਕੇਂਦਰ ਤੇ ਹਰਿਆਣਾ ਸਰਕਾਰ ਵਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਅਤੇ ਕੇਂਦਰੀ ਦਿੱਲੀ ਅਤੇ ਹਰਿਆਣਾ ਨਾਲ ਲੱਗਦੀਆਂ ਸਰਹੱਦਾਂ 'ਤੇ ਵੱਡੀ ਗਿਣਤੀ ਵਿੱਚ ਸੁਰੱਖਿਆ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਭਾਰੀ ਭਾਰੀ ਬੈਰੀਕੇਡ ਲਗਾਏ ਗਏ ਹਨ, ਜਿਸ ਕਾਰਨ ਆਮ ਲੋਕਾਂ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੰਘੂ (ਦਿੱਲੀ-ਸੋਨੀਪਤ) ਅਤੇ ਟਿੱਕਰੀ ਸਰਹੱਦ (ਦਿੱਲੀ-ਬਹਾਦੁਰਗੜ੍ਹ) 'ਤੇ ਆਵਾਜਾਈ ਰੋਕ ਦਿੱਤੀ ਗਈ ਹੈ। ਸੁਰੱਖਿਆ ਕਰਮਚਾਰੀ ਦੰਗਾ ਵਿਰੋਧੀ ਉਪਕਰਨਾਂ ਨਾਲ ਤਾਇਨਾਤ ਹਨ ਅਤੇ ਸਥਿਤੀ 'ਤੇ ਨਜ਼ਰ ਰੱਖਣ ਲਈ ਡਰੋਨ ਦੀ ਵਰਤੋਂ ਕੀਤੀ ਜਾ ਰਹੀ ਹੈ। ਸਿੰਘੂ, ਟਿੱਕਰੀ ਅਤੇ ਗਾਜ਼ੀਪੁਰ ਹੱਦਾਂ 'ਤੇ ਕਈ ਪੜਾਵਾਂ 'ਚ ਬੈਰੀਕੇਡ, ਕੰਕਰੀਟ ਬੈਰੀਅਰ, ਲੋਹੇ ਦੀਆਂ ਕਿੱਲਾਂ ਅਤੇ ਕੰਟੇਨਰ ਖੜੇ ਕਰਕੇ ਕੌਮਾਂਤਰੀ ਸਰਹੱਦ ਨਾਲੋਂ ਵੀ ਵਧੇਰੇ ਤੇ ਵੱਡੀਆਂ ਰੋਕਾਂ ਲਗਾਕੇ ਕਿਸਾਨਾਂ ਨਾਲ ਦੇਸ਼ ਦੁਸ਼ਮਣਾਂ ਵਰਗਾ ਵਿਵਹਾਰ ਕੀਤਾ ਜਾ ਰਿਹਾ ਹੈ। ਸ਼ੰਭੂ ਬਾਰਡਰ ਤੇ ਕਿਸਾਨਾਂ ਖਿਲਾਫ ਡਰੋਨ ਰਾਹੀਂ ਸੁੱਟੇ ਗਏ ਅਥਰੂ ਗੈਸ ਦੇ ਗੋਲਿਆਂ, ਗੋਲੀਆਂ ਤੇ ਹੋਰ ਕੀਤੀ ਜਾ ਰਹੀ ਤਾਕਤ ਦੀ ਅੰਨੀ ਵਰਤੋਂ ਨੇ ਸੰਘਰਸ਼ੀ ਕਿਸਾਨਾਂ ਦੇ ਪੱਖ ਵਿਚ ਇਕ ਹਮਦਰਦੀ ਦੀ ਲਹਿਰ ਪੈਦਾ ਕੀਤੀ ਹੈ। ਕਿਹਾ ਜਾ ਰਿਹਾ ਹੈ ਕਿ ਕਿਸਾਨ ਜਥੇਬੰਦੀਆਂ ਵਲੋਂ ਇਹ ਸੰਘਰਸ਼ ਇਸ ਸਾਲ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਕੇ ਵਿਢਿਆ ਗਿਆ ਹੈ। ਜਦੋਂ ਸਿਆਸੀ ਪਾਰਟੀਆਂ ਨੂੰ ਲੋਕ ਮੁੱਦਿਆਂ ਦਾ ਧਿਆਨ ਕੇਵਲ ਚੋਣਾਂ ਵੇਲੇ ਹੀ ਆਉਂਦਾ ਹੋਵੇ ਤਾਂ ਸੰਬੰਧਿਤ ਧਿਰਾਂ ਵਲੋਂ ਇਸ ਮੌਕੇ ਦਾ ਫਾਇਦਾ ਉਠਾਉਣਾ ਨਾਵਾਜਿਬ ਵੀ ਤਾਂ ਨਹੀ। ਰਾਮ ਮੰਦਿਰ ਦੀ ਉਸਾਰੀ ਕਰਕੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੋਟ ਪਰਚੀ ਦੇ ਸਮਰਥਨ ਵਜੋਂ ਜੁਟਾਉਣ ਦੀ ਖੇਡ ਖੇਡ ਰਹੀ ਭਾਜਪਾ ਨੂੰ ਜੇ ਕਿਸਾਨ, ਉਸ ਵਲੋਂ ਕੀਤੇ ਵਾਅਦੇ ਯਾਦ ਕਰਵਾਉਣ ਲਈ ਸੜਕਾਂ ਤੇ ਉਤਰੇ ਹਨ, ਤਾਂ ਇਸ ਵਿਚ ਗਲਤ ਵੀ ਕੀ ਹੈ। ਪਰ ਇਸ ਦੌਰਾਨ ਸਰਕਾਰ ਦਾ ਕਿਸਾਨਾਂ ਪ੍ਰਤੀ ਵਿਵਹਾਰ ਦੱਸਦਾ ਹੈ ਕਿ ਉਸਨੇ 2020-21 ਦੇ ਅੰਦੋਲਨ ਤੋਂ ਕੋਈ ਸਬਕ ਨਹੀ ਲਿਆ। ਆਯੁਧਿਆ ਵਿਚ ਰਾਮ ਮੰਦਿਰ ਦੀ ਉਸਾਰੀ ਨੇ ਉਸਦੇ ਸਿਆਸੀ ਹੰਕਾਰ ਨੂੰ ਅਸਮਾਨੀਂ ਚਾੜ ਰੱਖਿਆ ਹੈ ਤੇ ਲੋਕ ਸਭਾ ਚੋਣਾਂ ਵਿਚ 370 ਸੀਟਾਂ ਜਿੱਤਣ ਦਾ ਲਕਸ਼ ਲੈਕੇ ਤੀਸਰੀ ਵਾਰ ਸਰਕਾਰ ਬਣਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ। ਚੋਣਾਂ ਦਾ ਸਮਾਂ ਨੇੜੇ ਹੋਣ ਕਾਰਣ ਸਰਕਾਰ ਦਾ ਕਿਸਾਨਾਂ ਪ੍ਰਤੀ ਟਰਕਾਊ ਰਵੱਈਆ ਸਮਝਿਆ ਜਾ ਸਕਦਾ ਹੈ। ਕਿਸਾਨ ਧਿਰਾਂ ਵੀ ਸ਼ਾਇਦ ਸਥਿਤੀ ਨੂੰ ਕੁਝ ਹੱਦ ਤੱਕ ਸਮਝਦੀਆਂ ਹਨ। ਸ਼ਾਇਦ ਇਸੇ ਲਈ ਕੇਂਦਰੀ ਮੰਤਰੀਆਂ ਨਾਲ ਚੌਥੇ ਗੇੜ ਦੀ ਗੱਲਬਾਤ ਤੋਂ ਪਹਿਲਾਂ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਸਰਕਾਰ ਤੋਂ ਐਮ ਐਸ ਪੀ ਗਾਰੰਟੀ ਲਈ ਆਰਡੀਨੈਂਸ ਜਾਰੀ ਕਰਨ ਦੀ ਮੰਗ ਕੀਤੀ ਹੈ। ਹੋਰ ਮਹੀਨੇ ਤੱਕ ਲੋਕ ਸਭਾ ਚੋਣ ਜਾਬਤਾ ਲਾਗੂ ਹੋਣ ਦੀ ਉਮੀਦ ਹੈ। ਕਾਂਗਰਸ ਤੇ ਭਾਜਪਾ ਵਿਰੋਧੀ ਪਾਰਟੀਆਂ ਵਲੋਂ ਕਿਸਾਨ ਸੰਘਰਸ਼ ਦੀ ਹਮਾਇਤ ਨਾਲ ਕਿਸਾਨੀ ਸੰਘਰਸ਼ ਲੋਕ ਸਭਾ ਚੋਣਾਂ ਵਿਚ ਭਖਵਾਂ ਮੁੱਦਾ ਬਣ ਸਕਦਾ ਹੈ।


## ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart & Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / icon on its own and the heart and / icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

Residential
Construction
Commercial
New Immigrants
Self Employed

Private Mortgages
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

## ਈਡੀ ਵੱਲੋਂ ਕੇਜਰੀਵਾਲ ਨੂੰ 7ਵਾਂ ਸੰਮਨ ਜਾਰੀ

ਨਵੀਂ ਦਿੱਲੀ-ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ ਪੁੱਛ-ਪੜਤਾਲ ਲਈ 7ਵਾਂ ਸੰਮਨ ਜਾਰੀ ਕਰਦਿਆਂ 26 ਫਰਵਰੀ ਨੂੰ ਪੇਸ਼ ਹੋਣ ਲਈ ਕਿਹਾ ਹੈ। ਕੇਂਦਰੀ ਏਜੰਸੀ ਨੇ ਭ੍ਰਿਸ਼ਟਾਚਾਰ ਰੋਕੂ ਐਕਟ (ਪੀਐੱਮਐੱਲਏ) ਦੀਆਂ ਵਿਵਸਥਾਵਾਂ ਤਹਿਤ ਜਾਰੀ ਸੱਜਰੇ ਸੰਮਨ ਵਿਚ ਕੇਜਰੀਵਾਲ ਦੇ ਇਸ ਤਰਕ ਨੂੰ ਖਾਰਜ ਕਰ ਦਿੱਤਾ ਕਿ ਮਾਮਲਾ ਸਥਾਨਕ ਕੋਰਟ ਵਿਚ ਵਿਚਾਰ ਅਧੀਨ ਹੋਣ ਕਰਕੇ ਪੇਸ਼ੀ ਲਈ ਸੰਮਨ ਭੇਜਣਾ ਗ਼ਲਤ ਹੈ। ਕੇਜਰੀਵਾਲ ਈਡੀ ਵੱਲੋਂ ਜਾਰੀ ਸੰਮਨਾਂ ਨੂੰ 'ਗੈਰਕਾਨੂੰਨੀ' ਦੱਸ ਕੇ ਹੁਣ ਤੱਕ ਇਨ੍ਹਾਂ ਦੀ ਤਾਮੀਲ ਤੋਂ ਟਲਦੇ ਆ ਰਹੇ ਹਨ। 'ਆਪ' ਕਨਵੀਨਰ ਨੇ ਸੰਘੀ ਏਜੰਸੀ ਨੂੰ ਪੱਤਰ ਲਿਖ ਕੇ ਸੰਮਨ ਵਾਪਸ ਲਏ ਜਾਣ ਦੀ ਮੰਗ ਵੀ ਕੀਤੀ ਸੀ। ਉਧਰ ਈਡੀ ਨੇ ਵੀ ਸੰਮਨਾਂ ਦੀ ਤਾਮੀਲ ਤੋਂ ਕੰਨੀ ਕਤਰਾਉਣ ਦੇ ਦੋਸ਼ਾਂ ਤਹਿਤ ਕੇਜਰੀਵਾਲ ਖਿਲਾਫ਼ ਸਥਾਨਕ ਕੋਰਟ ਵਿਚ ਸ਼ਿਕਾਇਤ ਦਰਜ ਕੀਤੀ ਸੀ। ਕੋਰਟ ਇਸ ਮਾਮਲੇ 'ਤੇ ਅਗਲੀ ਸੁਣਵਾਈ 16 ਮਾਰਚ ਨੂੰ ਕਰੇਗੀ, ਹਾਲਾਂਕਿ ਕੋਰਟ ਨੇ ਪਿਛਲੇ ਹਫ਼ਤੇ ਕੇਜਰੀਵਾਲ ਨੂੰ ਨਿੱਜੀ ਪੇਸ਼ੀ ਤੋਂ ਛੋਟ ਦੇ ਦਿੱਤੀ ਸੀ। ਉਂਜ ਕੋਰਟ ਨੇ ਕਿਹਾ ਕਿ ਸੀ ਕਿ ਸ਼ਿਕਾਇਤ ਦੇ ਵਿਸ਼ਾ ਵਸਤੂ ਤੇ ਈਡੀ ਵੱਲੋਂ ਪੇਸ਼ ਰਿਕਾਰਡ, ਤੋਂ ਪਹਿਲੀ ਨਜ਼ਰੇ ਇਹ ਆਈਪੀਸੀ ਦੀ ਧਾਰਾ 174 ਤਹਿਤ ਅਪਰਾਧ ਬਣਦਾ ਹੈ ਤੇ ਮੁਲਜ਼ਮ (ਕੇਜਰੀਵਾਲ) ਖਿਲਾਫ਼ ਕਾਰਵਾਈ ਲਈ ਚੋਖੇ ਅਧਾਰ ਹਨ। ਅਧਿਕਾਰਤ ਸੂਤਰਾਂ ਨੇ ਕਿਹਾ ਕਿ ਈਡੀ ਦਾ ਮੰਨਣਾ ਹੈ ਕਿ ਸਥਾਨਕ ਕੋਰਟ ਨੇ ਪਹਿਲੀ ਨਜ਼ਰੇ ਕੇਜਰੀਵਾਲ ਨੂੰ ਪਿਛਲੇ ਸੰਮਨਾਂ ਦੀ 'ਹੁਕਮ ਅਦੂਲੀ' ਦਾ ਦੋਸ਼ੀ ਦੱਸਿਆ ਹੈ, ਜੋ ਸੱਤਵਾਂ ਸੰਮਨ ਜਾਰੀ ਕਰਨ ਦੀ ਖੁੱਲ੍ਹ ਦਿੰਦਾ ਹੈ।

# ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਪਹਿਲੀ ਮਾਰਚ ਤੋਂ

## ਵਿੱਤ ਮੰਤਰੀ 5 ਨੂੰ ਕਰਨਗੇ ਬਜਟ ਪੇਸ਼; 15 ਮਾਰਚ ਤੱਕ ਚੱਲੇਗਾ ਇਜਲਾਸ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ 'ਆਪ' ਸਰਕਾਰ ਦਾ ਤੀਜਾ ਤੇ 16ਵੀਂ ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਇਕ ਮਾਰਚ ਤੋਂ ਸੱਦਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਬਜਟ ਸੈਸ਼ਨ ਪਹਿਲੀ ਮਾਰਚ ਤੋਂ ਸ਼ੁਰੂ ਹੋ ਕੇ 15 ਮਾਰਚ ਤੱਕ ਚੱਲੇਗਾ ਜਦਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ 5 ਮਾਰਚ ਨੂੰ ਵਿੱਤੀ ਵਰ੍ਹੇ 2024-25 ਦਾ ਬਜਟ ਪੇਸ਼ ਕਰਨਗੇ। ਮੰਤਰੀ ਮੰਡਲ ਨੇ ਬਜਟ ਇਜਲਾਸ ਸੱਦਣ ਲਈ ਰਾਜਪਾਲ ਨੂੰ ਅਧਿਕਾਰਤ ਕੀਤਾ ਹੈ। ਹੁਣ ਰਾਜਪਾਲ ਦੀ ਪ੍ਰਵਾਨਗੀ ਤੋਂ ਬਾਅਦ ਬਜਟ ਸੈਸ਼ਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਮੰਤਰੀ ਮੰਡਲ ਨੇ ਸੁਲਤਾਨਪੁਰ ਲੋਧੀ 'ਚ ਸ਼ਹੀਦ ਹੋਏ ਪੰਜਾਬ ਹੋਮਗਾਰਡਜ਼ ਦੇ ਵਾਲੰਟੀਅਰ ਦੇ ਪਰਿਵਾਰ ਨੂੰ ਇਕ ਕਰੋੜ ਰੁਪਏ ਐਕਸ-ਗ੍ਰੇਸ਼ੀਆ ਗਰਾਂਟ ਜਾਰੀ ਕਰਨ ਅਤੇ ਜੰਗੀ ਜਗੀਰ ਯੋਜਨਾ ਤਹਿਤ ਸਹਾਇਤਾ ਰਾਸ਼ੀ 10,000 ਰੁਪਏ ਤੋਂ ਵਧਾ ਕੇ 20,000 ਰੁਪਏ ਕਰਨ ਦਾ ਫ਼ੈਸਲਾ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਜਟ ਇਜਲਾਸ ਦੀ ਸ਼ੁਰੂਆਤ ਇਕ ਮਾਰਚ ਨੂੰ ਰਾਜਪਾਲ ਦੇ ਭਾਸ਼ਣ ਨਾਲ ਸ਼ੁਰੂ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਵਿੱਛੜੀਆਂ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ। ਰਾਜਪਾਲ ਦੇ ਭਾਸ਼ਣ 'ਤੇ 4 ਮਾਰਚ ਨੂੰ ਚਰਚਾ ਕੀਤੀ ਜਾਵੇਗੀ। ਵਿੱਤ ਮੰਤਰੀ ਵੱਲੋਂ ਬਜਟ 5 ਮਾਰਚ ਨੂੰ ਪੇਸ਼ ਕੀਤਾ ਜਾਵੇਗਾ ਜਦਕਿ ਬਜਟ 'ਤੇ ਚਰਚਾ 6 ਮਾਰਚ ਨੂੰ ਕੀਤੀ ਜਾਵੇਗੀ। ਮੰਤਰੀ ਮੰਡਲ ਨੇ ਸਾਲ 2019 ਦੀ ਅਧਿਆਪਕ ਤਬਾਦਲਾ ਨੀਤੀ ਦੇ ਪੈਰਾ-9 'ਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਬਦਲੀਆਂ ਲਈ ਬੇਨਤੀਆਂ ਮਹੀਨੇ ਦੇ ਆਧਾਰ 'ਤੇ ਪੋਰਟਲ 'ਤੇ ਜਮ੍ਹਾਂ ਹੋਣਗੀਆਂ ਅਤੇ ਕੋਈ ਵੀ ਆਫਲਾਈਨ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ। ਅਜਿਹੇ ਮਾਮਲਿਆਂ 'ਚ ਹੁਕਮ



ਸਿੱਖਿਆ ਮੰਤਰੀ ਦੀ ਪ੍ਰਵਾਨਗੀ ਤੋਂ ਬਾਅਦ ਜਾਰੀ ਕੀਤੇ ਜਾਣਗੇ। ਮੰਤਰੀ ਮੰਡਲ ਨੇ ਸੁਲਤਾਨਪੁਰ ਲੋਧੀ 'ਚ ਸ਼ਹੀਦ ਹੋਏ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਮਨਿਆਲਾ ਦੇ ਪੰਜਾਬ ਹੋਮਗਾਰਡਜ਼ ਦੇ ਵਾਲੰਟੀਅਰ ਜਸਪਾਲ ਸਿੰਘ ਪੁੱਤਰ ਦਲੀਪ ਸਿੰਘ ਦੇ ਪਰਿਵਾਰ ਨੂੰ ਵਿਸ਼ੇਸ਼ ਕੇਸ ਵਜੋਂ ਐਕਸ-ਗ੍ਰੇਸ਼ੀਆ ਗ੍ਰਾਂਟ ਦੇਣ ਦਾ ਫ਼ੈਸਲਾ ਕੀਤਾ ਹੈ। ਮੰਤਰੀ ਮੰਡਲ ਨੇ 'ਦਿ ਈਸਟ ਪੰਜਾਬ ਵਾਰ ਐਵਾਰਡਜ਼ ਐਕਟ-1948' 'ਚ ਸੋਧ ਕਰਨ ਲਈ ਬਿੱਲ ਵਿਧਾਨ ਸਭਾ ਦੇ ਅਗਾਮੀ ਇਜਲਾਸ 'ਚ ਪੇਸ਼ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸੋਧ ਨਾਲ ਜੰਗੀ ਜਗੀਰ ਯੋਜਨਾ ਤਹਿਤ ਜੰਗੀ ਵਿਧਵਾਵਾਂ ਲਈ ਮਾਣ-ਭੱਤਾ 10,000 ਰੁਪਏ ਸਾਲਾਨਾ ਤੋਂ ਵਧ ਕੇ 20,000 ਰੁਪਏ ਸਾਲਾਨਾ ਹੋ ਜਾਵੇਗਾ। ਜਿਨ੍ਹਾਂ ਦੇ ਇਕਲੌਤੇ ਬੱਚੇ ਜਾਂ ਦੋ ਤੋਂ ਤਿੰਨ ਬੱਚੇ ਦੂਜੇ ਵਿਸ਼ਵ ਯੁੱਧ, ਕੌਮੀ ਐਮਰਜੈਂਸੀ-1962 ਅਤੇ ਸਾਲ 1971 ਦੌਰਾਨ ਭਾਰਤੀ ਫੌਜ ਵਿੱਚ ਸੇਵਾ ਨਿਭਾਅ ਚੁੱਕੇ ਹਨ, ਨੂੰ ਜੰਗੀ ਜਗੀਰ ਯੋਜਨਾ ਤਹਿਤ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ। ਇਸ ਵੇਲੇ ਇਸ ਸਕੀਮ ਤਹਿਤ 83 ਲਾਭਪਾਤਰੀ ਲਾਭ ਲੈ ਰਹੇ।


# ਪੰਨੂ ਨੇ ਹੱਦ ਪਾਰ ਕੀਤੀ ਤਾਂ ਅਮਰੀਕਾ ਕਾਰਵਾਈ ਕਰੇਗਾ-ਰਿਚਰਡ ਵਰਮਾ

ਨਵੀਂ ਦਿੱਲੀ-ਅਮਰੀਕਾ ਦੇ ਉਪ ਵਿਦੇਸ਼ ਮੰਤਰੀ ਰਿਚਰਡ ਵਰਮਾ ਨੇ ਭਰੋਸਾ ਦਿੱਤਾ ਹੈ ਕਿ ਜੇਕਰ ਭਾਰਤ ਵੱਲੋਂ ਨਾਮਜ਼ਦ ਅਤਿਵਾਦੀ ਗੁਰਪਤਵੰਤ ਸਿੰਘ ਪੰਨੂ ਜਾਂ ਉਸ ਦੇ ਸਾਥੀਆਂ ਨੇ ਹੱਦ ਪਾਰ ਕੀਤੀ ਤਾਂ ਉਸ ਖ਼ਿਲਾਫ਼ ਅਮਰੀਕਾ ਕਾਰਵਾਈ ਕਰੇਗਾ। ਖ਼ਬਰ ਏਜੰਸੀ ਨੂੰ ਦਿੱਤੇ ਇੰਟਰਵਿਊ 'ਚ ਅਮਰੀਕੀ ਆਗੂ ਨੇ ਕਿਹਾ ਕਿ ਕਾਨੂੰਨ ਦੇ ਦਾਇਰੇ 'ਚ ਰਹਿ ਕੇ ਕੰਮ ਕਰਨ ਦੀ ਲੋੜ ਹੈ। ਪ੍ਰਬੰਧਨ ਅਤੇ ਸਰੋਤਾਂ ਬਾਰੇ ਅਮਰੀਕੀ ਉਪ ਵਿਦੇਸ਼ ਮੰਤਰੀ ਨੇ ਕਿਹਾ,"ਮੈਂ ਕਿਸੇ ਖਾਸ ਕੇਸ ਦੇ ਚੱਕਰ 'ਚ ਨਹੀਂ ਪੈਣਾ ਚਾਹੁੰਦਾ ਹਾਂ। ਮੈਂ ਪੁਰਾਣੀ ਗੱਲ ਦੁਹਰਾਉਂਦਾ ਹਾਂ ਕਿ ਸਾਨੂੰ ਕਾਨੂੰਨ ਦੇ ਦਾਇਰੇ 'ਚ ਰਹਿ ਕੇ ਕੰਮ ਕਰਨਾ ਪਵੇਗਾ ਅਤੇ ਜਦੋਂ ਲੋਕ ਹੱਦ ਪਾਰ ਕਰਨਗੇ ਤਾਂ ਉਨ੍ਹਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ।" ਵਰਮਾ ਨੇ ਕਿਹਾ ਕਿ ਅਮਰੀਕੀ ਸਰਕਾਰ ਕੂਟਨੀਤਕਾਂ ਨੂੰ ਨਿਸ਼ਾਨਾ ਬਣਾਉਣ ਜਿਹੇ ਮਾਮਲਿਆਂ ਨੂੰ ਕਦੇ ਵੀ ਸਹਿਣ ਨਹੀਂ ਕਰੇਗੀ।



## ਪੰਨੂ ਨੇ ਰਾਂਚੀ 'ਚ ਟੈਸਟ ਮੈਚ ਦੌਰਾਨ ਅੜਿੱਕਾ ਡਾਹੁਣ ਦੀ ਦਿੱਤੀ ਧਮਕੀ

ਰਾਂਚੀ: ਅਮਰੀਕਾ ਆਧਾਰਿਤ ਨਾਮਜ਼ਦ ਦਹਿਸ਼ਤਗਰਦ ਗੁਰਪਤਵੰਤ ਸਿੰਘ ਪੰਨੂ ਵੱਲੋਂ ਭਾਰਤ ਅਤੇ ਇੰਗਲੈਂਡ ਵਿਚਕਾਰ ਖੇਡੇ ਜਾਣ ਵਾਲੇ ਚੌਥੇ ਟੈਸਟ ਮੈਚ 'ਚ ਅੜਿੱਕਾ ਡਾਹੁਣ ਦੀ ਦਿੱਤੀ ਧਮਕੀ ਮਗਰੋਂ ਝਾਰਖੰਡ ਦੀ ਰਾਜਧਾਨੀ ਰਾਂਚੀ 'ਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਪੰਨੂ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਅਪਲੋਡ ਕਰਕੇ ਪਾਬੰਦੀਸ਼ੁਦਾ ਸੀਪੀਆਈ (ਮਾਓਵਾਦੀ) ਨੂੰ ਵੀ ਮੈਚ ਦੌਰਾਨ ਰੁਕਾਵਟ ਪਾਉਣ ਦੀ ਅਪੀਲ ਕੀਤੀ ਹੈ। ਚੌਥਾ ਟੈਸਟ ਮੈਚ ਇਥੋਂ ਦੇ ਜੇਐੱਸਸੀਏ ਕੌਮਾਂਤਰੀ ਸਟੇਡੀਅਮ 'ਚ 23 ਫਰਵਰੀ ਤੋਂ ਸ਼ੁਰੂ ਹੋਵੇਗਾ ਅਤੇ ਇੰਗਲੈਂਡ ਦੀ ਟੀਮ ਮੰਗਲਵਾਰ ਨੂੰ ਸ਼ਹਿਰ ਪੁੱਜ ਚੁੱਕੀ ਹੈ।





# ਓਸ਼ਨ ਵਿਊ ਫਿਸ਼ ਕੈਨਰੀ

# OCEAN VIEW FISH CANNERY

## ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



**604-594-0616**




# ਨੌਜਵਾਨ ਕਿਸਾਨ ਦੀ ਮੌਤ ਲਈ ਮੁੱਖ ਮੰਤਰੀ ਜ਼ਿੰਮੇਵਾਰ-ਅਕਾਲੀ ਦਲ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਕਿਸਾਨੀ ਘੋਲ ਦੌਰਾਨ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਤੇ ਡਾ. ਦਲਜੀਤ ਸਿੰਘ ਚੀਮਾ ਨੇ ਮੁੱਖ ਮੰਤਰੀ ਖ਼ਿਲਾਫ਼ ਕੇਸ ਦਰਜ ਕਰਨ ਅਤੇ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਉਹ ਹਰਿਆਣਾ ਸਰਕਾਰ ਦੇ ਨਾਲ-ਨਾਲ ਕੇਂਦਰ ਸਰਕਾਰ ਦੇ ਟਾਊਟ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਪੁਲੀਸ ਵੱਲੋਂ ਪੰਜਾਬ ਦੀ ਧਰਤੀ ‘ਤੇ 13 ਫਰਵਰੀ ਤੋਂ ਲਗਾਤਾਰ ਪੰਜਾਬ ਦੇ ਕਿਸਾਨਾਂ ‘ਤੇ ਹਮਲੇ ਕੀਤੇ ਜਾ ਰਹੇ ਹਨ ਪਰ ਮੁੱਖ ਮੰਤਰੀ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਕਰਕੇ ਸ਼ੁਭਕਰਨ ਸਿੰਘ ਦੀ ਮੌਤ ਹੋਈ ਹੈ।ਸ੍ਰੀ ਮਜੀਠੀਆ ਨੇ ਪੁੱਛਿਆ ਕਿ ਮੁੱਖ ਮੰਤਰੀ ਨੇ ਹਰਿਆਣਾ ਸਰਕਾਰ ਨੂੰ ਪੰਜਾਬ ਦੀ ਧਰਤੀ ‘ਤੇ ਬੈਰੀਕੇਡਿੰਗ ਕਿਵੇਂ ਕਰਨ ਦਿੱਤੀ ਹੈ। ਇਸ ਤੋਂ ਇਲਾਵਾ ਪੰਜਾਬ ਦੀ ਆਰਥਿਕ ਰਾਹ ਰੋਕਣ ‘ਤੇ ਇਤਰਾਜ਼ ਕਿਉਂ ਨਹੀਂ ਕੀਤਾ ਮੁੱਖ ਮੰਤਰੀ ਨੇ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਵਿੱਚ ਸਪੱਸ਼ਟ ਸਟੈਂਡ ਕਿਉਂ ਨਾ ਲਿਆ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਇਸ ਗੰਭੀਰ ਮਸਲੇ ‘ਤੇ ਕੇਂਦਰੀ ਗ੍ਰਹਿ ਮੰਤਰੀ ਜਾਂ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਬਾਰਡਰ ਖੁੱਲ੍ਹਵਾਉਣ ਲਈ ਸੁਪਰੀਮ ਕੋਰਟ ਵਿੱਚ ਪਹੁੰਚ ਕਰਨੀ ਚਾਹੀਦੀ ਸੀ। ਅਕਾਲੀ ਆਗੂਆਂ ਨੇ ‘ਆਪ’ ਨੂੰ ਛੱਡ ਕੇ ਸਾਰੀਆਂ ਸਿਆਸੀ ਪਾਰਟੀਆਂ ਤੇ ਕਿਸਾਨ ਯੂਨੀਅਨਾਂ ਤੇ ਸਮਾਜਿਕ ਸੰਗਠਨਾਂ ਨੂੰ ਅਪੀਲ ਕੀਤੀ ਕਿ ਉਹ ਇਕਜੁੱਟ ਹੋ ਕੇ ਮੌਜੂਦਾ ਸੰਕਟ ‘ਤੇ ਚਰਚਾ ਕਰਨ ਅਤੇ ਕਿਸਾਨਾਂ ਨਾਲ ਇਕਜੁੱਟਤਾ ਪ੍ਰਗਟ ਕਰਨ।

# ਗੈਂਗਸਟਰ ਕਾਲਾ ਧਨੌਲਾ ਨੂੰ ਝੂਠੇ ਮੁਕਾਬਲੇ ’ਚ ਮਾਰਨ ਦਾ ਦੋਸ਼

ਪੁਲੀਸ ਮੁਕਾਬਲੇ ‘ਚ ਮਾਰੇ ਗਏ ਗੈਂਗਸਟਰ ਗੁਰਮੀਤ ਸਿੰਘ ਕਾਲਾ ਧਨੌਲਾ ਦਾ ਉਸ ਦੇ ਜੱਦੀ ਪਿੰਡ ਧਨੌਲਾ ‘ਚ ਸਸਕਾਰ ਕੀਤਾ ਗਿਆ ਮ੍ਰਿਤਕ ਦੀ ਚਿਖ਼ਾ ਨੂੰ ਧੀ ਨੇ ਅਗਨੀ ਦਿੱਤੀ। ਸਸਕਾਰ ਮੌਕੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਭਦੌੜ ਦੇ ਇੰਚਾਰਜ ਐਡਵੋਕੇਟ ਸਤਨਾਮ ਸਿੰਘ ਰਾਹੀ, ਲੱਖਾ ਸਿੰਘ ਸਿਧਾਣਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ। ਕਾਲਾ ਧਨੌਲਾ ਦੇ ਪਰਿਵਾਰ ਤੇ ਰਾਜਨੀਤਕ ਲੋਕਾਂ ਨੇ ਮੁਕਾਬਲੇ ਨੂੰ ਫਰਜ਼ੀ ਦੱਸਿਆ। ਉਸ ਦੀ ਪਤਨੀ ਨੇ ਕਿਹਾ ਕਿ ਕਾਲਾ ਧਨੌਲਾ ਉਪਰ ਕੇਵਲ 307 ਦਾ ਪਰਚਾ ਸੀ ਅਤੇ ਉਹ ਭਗੌੜਾ ਵੀ ਨਹੀਂ ਸੀ ਪਰ ਇਸ ਦੇ ਬਾਵਜੂਦ ਪੁਲੀਸ ਨੇ ਉਸ ਦਾ ਝੂਠਾ ਮੁਕਾਬਲਾ ਬਣਾ ਕੇ ਮਾਰ ਦਿੱਤਾ ਉਨ੍ਹਾਂ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਕੇ ਇਨਸਾਫ਼ ਦੀ ਮੰਗ ਕੀਤੀ।

# ਆਈ ਪੀ ਐੱਸ ਅਧਿਕਾਰੀ ਨੂੰ ਖ਼ਾਲਿਸਤਾਨੀ ਕਹਿਣ ਖ਼ਿਲਾਫ਼ ਕੋਲਕਾਤਾ ’ਚ ਸਿੱਖਾਂ ਨੇ ਭਾਜਪਾ ਦਫ਼ਤਰ ਬਾਹਰ ਪ੍ਰਦਰਸ਼ਨ

ਕੋਲਕਾਤਾ-200 ਦੇ ਕਰੀਬ ਸਿੱਖਾਂ ਨੇ ਅੱਜ ਇਥੇ ਭਾਜਪਾ ਦਫ਼ਤਰ ਦੇ ਬਾਹਰ ਆਈਪੀਐੱਸ ਅਧਿਕਾਰੀ ਨਾਲ ਇਕਮੁੱਠਤਾ ਪ੍ਰਗਟਾਉਂਦਿਆਂ ਪ੍ਰਦਰਸ਼ਨ ਕੀਤਾ ਆਈਪੀਐੱਸ ਅਧਿਕਾਰੀ ਦਾ ਦੋਸ਼ ਹੈ ਕਿ ਭਾਜਪਾ ਆਗੂ ਸ਼ੁਭੇਂਦੂ ਅਧਿਕਾਰੀ ਨੇ ਉਨ੍ਹਾਂ ਨੂੰ ‘ਖਾਲਿਸਤਾਨੀ’ ਕਿਹਾ ਸੀ। ਸ਼ੁਭੇਂਦੂ ਅਧਿਕਾਰੀ ਨੇ ਭਾਜਪਾ ਦੇ ਇਕ ਹੋਰ ਆਗੂ ਅਗਨੀਮਿੱਤਰਾ ਪਾਲ ਨਾਲ ਮਿਲ ਕੇ ਦਾਅਵਾ ਕੀਤਾ ਕਿ ਆਈਪੀਐੱਸ ਅਧਿਕਾਰੀ ਜਸਪ੍ਰੀਤ ਸਿੰਘ ਆਪਣੀ ਡਿਊਟੀ ਨਹੀਂ ਨਿਭਾਅ ਰਹੇ ਪਰ ਉਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਕਿ ਪਾਰਟੀ ਦੇ ਕਿਸੇ ਵੀ ਵਰਕਰ ਨੇ ਆਈਪੀਐੱਸ ਅਧਿਕਾਰੀ ਨੂੰ ‘ਖ਼ਾਲਿਸਤਾਨੀ’ ਕਿਹਾ ਸੀ। ਅਗਨੀਮਿੱਤਰਾ ਪਾਲ ਨੇ ਦਾਅਵਾ ਕੀਤਾ, ‘ਕਿਸੇ ਨੇ ਵੀ ਉਨ੍ਹਾਂ ਨਾਲ ਦੁਰਵਿਵਹਾਰ ਨਹੀਂ ਕੀਤਾ ਅਤੇ ਨਾ ਹੀ ਕਿਸੇ ਨੇ ‘ਖਾਲਿਸਤਾਨੀ’ ਸ਼ਬਦ ਦੀ ਵਰਤੋਂ ਕੀਤੀ ਹੈ।’




# ਸ਼ਾਹਬਾਜ਼ ਸ਼ਰੀਫ ਹੋਣਗੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਤੇ ਜ਼ਰਦਾਰੀ ਰਾਸ਼ਟਰਪਤੀ

ਇਸਲਾਮਾਬਾਦ-ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਤੇ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਗੱਠਜੋੜ ਸਰਕਾਰ ਬਣਾਉਣ ਲਈ ਸੱਤਾ ਦੀ ਵੰਡ ਦੇ ਫਾਰਮੂਲੇ ਬਾਰੇ ਸਹਿਮਤ ਹੋ ਗਈਆਂ ਹਨ। ਦੋਵਾਂ ਧਿਰਾਂ ਵਿਚਾਲੇ ਹੋਏ ਕਰਾਰ ਤਹਿਤ ਸਾਬਕਾ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਗੱਠਜੋੜ ਸਰਕਾਰ ਦੀ ਅਗਵਾਈ ਕਰਨਗੇ ਜਦੋਂਕਿ ਪੀਪੀਪੀ ਦੇ ਸਹਿ-ਚੇਅਰਮੈਨ ਆਸਿਫ਼ ਅਲੀ ਜ਼ਰਦਾਰੀ (68) ਰਾਸ਼ਟਰਪਤੀ ਦੇ ਅਹੁਦੇ ਲਈ ਸਾਂਝੇ ਉਮੀਦਵਾਰ ਹੋਣਗੇ। ਪੀਐੱਮਐੱਲ-ਐੱਨ ਤੇ ਪੀਪੀਪੀ ਦਾ ਇਕ ਮੰਚ ’ਤੇ ਆਉਣਾ ਜੇਲ੍ਹ ਵਿਚ ਬੰਦ ਸਾਬਕਾ ਵਜ਼ੀਰੇ ਆਜ਼ਮ ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਲਈ ਵੱਡਾ ਝਟਕਾ ਹੈ। ਇਸ ਦੌਰਾਨ ਸੁਪਰੀਮ ਕੋਰਟ ਨੇ 8 ਫਰਵਰੀ ਦੀਆਂ ਚੋਣਾਂ ਵਿਚ ਕਥਿਤ ਬੇਨਿਯਮੀਆਂ ਦੇ ਹਵਾਲੇ ਨਾਲ ਦੇਸ਼ ਵਿਚ ਨਵੇਂ ਸਿਰੇ ਤੋਂ ਚੋਣਾਂ ਕਰਵਾਉਣ ਦੀ ਮੰਗ ਕਰਦੀ ਪਟੀਸ਼ਨ ਨੂੰ ‘ਸਿਆਸੀ ਸਟੰਟ’ ਦੱਸ ਕੇ ਖਾਰਜ ਕਰ ਦਿੱਤਾ ਹੈ। ਸਰਵਉੱਚ ਅਦਾਲਤ ਨੇ ਪਟੀਸ਼ਨਰ ਸੇਵਾ ਮੁਕਤ ਬ੍ਰਿਗੇਡੀਅਰ ਅਲੀ ਖ਼ਾਨ ਨੂੰ ਕੋਰਟ ਵਿਚ ਪੇਸ਼ ਨਾ ਹੋਣ ਬਦਲੇ ਜੁਰਮਾਨਾ ਵੀ ਲਾਇਆ ਹੈ। ਲੰਮੀ ਵਿਚਾਰ ਚਰਚਾ ਮਗਰੋਂ ਮੰਗਲਵਾਰ ਦੇਰ ਰਾਤ ਕੀਤੀ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ ਨੇ ਐਲਾਨ ਕੀਤਾ ਕਿ ਪੀਐੱਮਐੱਲ-ਐੱਨ ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ਼ (72) ਇਕ ਵਾਰ ਮੁੜ ਪ੍ਰਧਾਨ ਮੰਤਰੀ ਦੀ ਭੂਮਿਕਾ ਨਿਭਾਉਣਗੇ ਜਦੋਂਕਿ ਪੀਪੀਪੀ ਦੇ ਕੋ-ਚੇਅਰਪਰਸਨ ਆਸਿਫ਼ ਅਲੀ ਜ਼ਰਦਾਰੀ ਰਾਸ਼ਟਰਪਤੀ ਦਫ਼ਤਰ ਲਈ ਸਾਂਝੇ ਉਮੀਦਵਾਰ ਹੋਣਗੇ। ਬਿਲਾਵਲ ਨੇ ਕਿਹਾ, “ਪੀਪੀਪੀ ਤੇ ਪੀਐੱਮਐੱਲ-ਐੱਨ ਨੇ ਲੋੜੀਂਦੀ ਗਿਣਤੀ ਹਾਸਲ ਕਰ ਲਈ ਹੈ ਤੇ ਅਸੀਂ ਹੁਣ ਸਰਕਾਰ ਬਣਾਉਣ ਦੀ ਸਥਿਤੀ ਵਿਚ ਹਾਂ।” ਬਿਲਾਵਲ ਨੇ ਹਾਲਾਂਕਿ ਅੰਕੜਿਆਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਕਿਸੇ ਵੀ ਪਾਰਟੀ ਨੂੰ ਸਰਕਾਰ ਬਣਾਉਣ ਲਈ 266 ਮੈਂਬਰੀ ਕੌਮੀ ਅਸੈਂਬਲੀ ਵਿਚ 133 ਸੀਟਾਂ ਦੀ ਲੋੜ ਹੈ।

# ਜਨਵਰੀ ਮਹੀਨੇ ਕੈਨੇਡਾ ਦੀ ਮਹਿੰਗਾਈ ਦਰ ਤਿੰਨ ਫ਼ੀਸਦੀ ਤੋਂ ਹੇਠਾਂ ਆਈ


ਸਫ਼ਾ 1 ਦੀ ਬਾਕੀ

ਹਨ ਕਿਉਂਕਿ ਤਾਜ਼ਾ ਅੰਕੜੇ ਦੱਸਦੇ ਹਨ ਕਿ ਕੀਮਤਾਂ ਦਾ ਦਬਾਅ ਘਟਿਆ ਹੈ ਅਤੇ ਸਿਖਰਲੀ ਦਰ ਸੈਂਟਰਲ ਬੈਂਕ ਦੇ ਇਕ ਤੋਂ ਤਿੰਨ ਫ਼ੀਸਦੀ ਟੀਚੇ ਦੀ ਰੇਂਜ ਵਿਚ ਵਾਪਸ ਆ ਰਹੀ ਹੈ। ਬੀਐੱਮਓ ਦੇ ਮੁੱਖ ਅਰਥਸ਼ਾਸਤਰੀ ਡੱਗਲਸ ਪੋਰਟਰ ਨੇ ਮਹਿੰਗਾਈ ਬਾਰੇ ਤਾਜ਼ਾ ਰਿਪੋਰਟ ਨੂੰ ਬਹੁਤ ਸੁਹਾਵਣੀ ਹੈਰਾਨੀ ਆਖਿਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮਹਿੰਗਾਈ ਦੇ ਤਾਜ਼ਾ ਅੰਕੜਿਆਂ ਨੂੰ ਇਕ ਚੰਗੀ ਖ਼ਬਰ ਆਖਿਆ ਹੈ ਅਤੇ ਆਸ ਜ਼ਾਹਿਰ ਕੀਤੀ ਕਿ ਬੈਂਕ ਆਫ ਕੈਨੇਡਾ ਛੇਤੀ ਹੀ ਵਿਆਜ ਦਰਾਂ ਵਿਚ ਕਟੌਤੀ ਕਰਨੀ ਸ਼ੁਰੂ ਕਰੇਗਾ।



# ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਵਿਖੇ ਭਾਈ ਮਰਦਾਨਾ ਜੀ ਦਾ ਆਗਮਨ ਪੁਰਬ ਅਤੇ ਪ੍ਰੋਫੈਸਰ ਡਾਕਟਰ ਸਾਹਿਬ ਸਿੰਘ ਜੀ ਦਾ ਜਨਮ ਦਿਹਾੜਾ ਉਤਸ਼ਾਹ ਨਾਲ ਮਨਾਇਆ ਗਿਆ

ਸਰੀ-ਗੁਰੂ ਨਾਨਕ ਸਾਹਿਬ ਦੇ ਅਨਿਨ ਸਿੱਖ ਅਤੇ ਰਬਾਬੀ ਭਾਈ ਮਰਦਾਨਾ ਜੀ ਦਾ ਆਗਮਨ ਪੁਰਬ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ, ਸਰੀ ਵਿਖੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਗਿਆਨੀ ਦਿੱਤ ਸਿੰਘ ਸਹਿਤ ਸਭਾ ਕੈਨੇਡਾ ਦੇ ਪ੍ਰਤੀਨਿਧ ਡਾਕਟਰ ਗੁਰਵਿੰਦਰ ਸਿੰਘ ਨੇ ਭਾਈ ਮਰਦਾਨਾ ਜੀ ਦੇ ਜੀਵਨ ਬਾਰੇ ਵਿਚਾਰ ਸਾਂਝਿਆ ਕਰਦਿਆਂ, ਉਹਨਾਂ ਨੂੰ ਗੁਰੂ ਨਾਨਕ ਸਾਹਿਬ ਦਾ 'ਭਾਈ' ਦੱਸਿਆ ਅਤੇ ਗੁਰੂ ਸਾਹਿਬ ਵੱਲੋਂ ਭਾਈ ਮਰਦਾਨਾ ਜੀ ਦੇ ਸਤਿਕਾਰ ਦੇ ਇਤਿਹਾਸਿਕ ਪ੍ਰਮਾਣ ਦਿੱਤੇ। ਉਹਨਾਂ ਗੁਰਦੁਆਰਾ ਸਾਹਿਬ ਦਾ ਧੰਨਵਾਦ ਕਰਦਿਆਂ ਭਾਈ ਮਰਦਾਨਾ ਜੀ ਦਾ ਆਗਮਨ ਪੁਰਬ ਮਨਾਉਣ 'ਤੇ ਵਧਾਈ ਦਿੱਤੀ। ਇਸ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦਰਪਣ ਦੇ ਟੀਕਾਕਾਰ, ਵਿਆਕਰਨਕਕਾਰ ਅਤੇ ਪ੍ਰਸਿੱਧ ਵਿਦਵਾਨ ਪ੍ਰੋਫੈਸਰ ਡਾਕਟਰ ਸਾਹਿਬ ਸਿੰਘ ਜੀ ਦਾ ਜਨਮ ਦਿਹਾੜਾ 16 ਫਰਵਰੀ ਨੂੰ ਸੰਗਤਾਂ ਵੱਲੋਂ ਮਨਾਇਆ ਗਿਆ। ਇਸ ਮੌਕੇ 'ਤੇ ਸੰਗਤਾਂ ਨਾਲ ਭਾਈ ਸਾਹਿਬ ਦੇ ਜੀਵਨ ਬਾਰੇ ਵਿਚਾਰ ਸਾਂਝੇ ਕਰਦਿਆਂ ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਭਾਈ ਸਾਹਿਬ ਸਿੰਘ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਅਤੇ ਟੀਕੇ ਦੀ ਸੇਵਾ ਇਤਿਹਾਸਿਕ ਅਤੇ ਰਹਿੰਦੀ ਦੁਨੀਆਂ ਤੱਕ ਕਾਇਮ ਰਹਿਣ ਵਾਲੀ ਹੈ। ਉਹਨਾਂ ਪ੍ਰੋਫੈਸਰ ਸਾਹਿਬ ਸਿੰਘ ਦੀ ਸਵੈ ਜੀਵਨੀ 'ਮੇਰੀ ਜੀਵਨ ਕਹਾਣੀ' ਅਤੇ ਪ੍ਰਸਿੱਧ ਕਿਤਾਬ 'ਗੁਰਬਾਣੀ ਦਾ ਵਿਆਕਰਨ' ਬਾਰੇ ਵੀ ਵਿਸਤਾਰ ਸਹਿਤ ਜਾਣਕਾਰੀ ਸਾਂਝੀ ਕੀਤੀ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਸਾਹਿਬਾਨ ਵੱਲੋਂ ਭਾਈ ਸਾਹਿਬ ਸਿੰਘ ਅਤੇ ਭਾਈ ਮਰਦਾਨਾ ਜੀ ਦੇ ਦਿਹਾੜੇ ਮਨਾਉਣੇ ਸ਼ਲਾਘਾਯੋਗ ਕਾਰਜ ਹਨ।





ਡਾ. ਪ੍ਰੋਫੈਸਰ ਸਾਹਿਬ ਸਿੰਘ ਦੀ ਸਵੈ ਜੀਵਨੀ 'ਮੇਰੀ ਜੀਵਨ ਕਹਾਣੀ', ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਅਤੇ ਟੀਕੇ।

# ਲਿਬਰਲਜ਼ ਫਾਰਮਾਕੇਅਰ ਗੱਲਬਾਤ ਵਿਚ ਸ਼ੂਗਰ ਦੀਆਂ ਦਵਾਈਆਂ ਲਈ ਸਮੁੱਚਾ ਫੰਡ ਦੇਣ ਲਈ ਸਹਿਮਤ ਨਹੀਂ ਹੋਏ-ਜਗਮੀਤ ਸਿੰਘ

ਓਟਵਾ-ਨਵੇਂ ਫੈਡਰਲ ਫਾਰਮਾਕੇਅਰ ਪ੍ਰੋਗਰਾਮ ਨੂੰ ਲੈ ਕੇ ਲੰਬੀ ਗੱਲਬਾਤ ਵਿਚ ਸ਼ੂਗਰ ਦੀਆਂ ਦਵਾਈਆਂ ਲਈ ਫੈਡਰਲ ਫੰਡ ਦੇਣਾ ਮੁੱਖ ਗੱਲਾਂ ਵਿਚੋਂ ਇਕ ਹੈ ਜਿਸ ਲਈ ਲਿਬਰਲ ਘੱਟਗਿਣਤੀ ਸਰਕਾਰ ਨੇ ਨਿਊਡੈਮੋਕਰੇਟਸ ਨਾਲ ਹਾਊਸ ਆਫ ਕਾਮਨਜ਼ ਵਿਚ ਉਨ੍ਹਾਂ ਦਾ ਸਮਰਥਨ ਕਰਨ ਬਦਲੇ ਪ੍ਰੋਗਰਾਮ ਬਣਾਉਣ ਦਾ ਵਾਅਦਾ ਕੀਤਾ ਸੀ। ਲਿਬਰਲ ਅਤੇ ਐਨਡੀਪੀ ਇਸ ਗੱਲ 'ਤੇ ਸਹਿਮਤ ਹੋਏ ਸਨ ਕਿ ਦੋਵਾਂ ਪਾਰਟੀਆਂ ਵਿਚ ਸਪਲਾਈ ਐਂਡ ਕਾਨਫੀਡੈਂਸ ਸਮਝੌਤੇ ਨੂੰ ਕਾਇਮ ਰੱਖਣ ਲਈ ਦਵਾਈਆਂ ਦੀਆਂ ਲਾਗਤਾਂ ਨੂੰ ਕਵਰ ਕਰਨ ਲਈ ਕੌਮੀ ਪ੍ਰੋਗਰਾਮ ਵੱਲ ਪ੍ਰਗਤੀ ਸ਼ੁਰੂ ਕਰਨ ਦੇ ਉਦੇਸ਼ ਨਾਲ ਕੈਨੇਡਾ ਫਾਰਮਾਕੇਅਰ ਐਕਟ ਸਬੰਧੀ ਬਿੱਲ ਮਾਰਚ ਦੇ ਸ਼ੁਰੂ ਵਿਚ ਹਾਊਸ ਵਿਚ ਲਾਜ਼ਮੀ ਰੂਪ ਵਿਚ ਰੱਖਿਆ ਜਾਵੇਗਾ। ਇਸ ਸਮਝੌਤੇ 'ਤੇ ਦੋ ਸਾਲ ਪਹਿਲਾਂ ਦਸਤਖ਼ਤ ਕੀਤੇ ਗਏ ਸਨ ਜਿਸ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਨੂੰ ਐਨਡੀਪੀ ਦੇ ਸਮਰਥਨ ਦੀ ਗਰੰਟੀ ਨਾਲ ਸਥਿਰਤਾ ਮਿਲੀ ਸੀ। ਹੁਣ ਜਦੋਂ ਪਰਦੇ ਪਿੱਛੇ ਗੱਲਬਾਤ ਚੱਲ ਰਹੀ ਹੈ ਤਾਂ ਐਨਡੀਪੀ ਨੇਤਾ ਜਗਮੀਤ ਸਿੰਘ ਨੇ ਟੋਰਾਂਟੋ ਵਿਚ ਇਕ ਪ੍ਰੈਸ ਕਾਨਫਰੰਸ ਵਿਚ ਸਰਕਾਰ 'ਤੇ ਦਬਾਅ ਵਧਾਉਣ ਦੀ ਕੋਸ਼ਿਸ਼ ਕੀਤੀ ਜਿਸ ਦੌਰਾਨ ਉਨ੍ਹਾਂ ਕਿਹਾ ਕਿ ਲਿਬਰਲਜ਼ ਅਜੇ ਉਨ੍ਹਾਂ ਦੀ ਪਾਰਟੀ ਦੀ ਮੰਗ ਨਾਲ ਸਹਿਮਤ ਨਹੀਂ ਹੋਏ ਕਿ ਫੈਡਰਲ ਸਰਕਾਰ ਸ਼ੂਗਰ ਦੇ ਇਲਾਜ ਲਈ ਸਾਰੀਆਂ ਦਵਾਈਆਂ ਦਾ ਖਰਚ ਚੁੱਕੇਗੀ। ਜਗਮੀਤ ਸਿੰਘ ਨੇ ਦੱਸਿਆ ਕਿ ਉਹ ਸ਼ੂਗਰ ਦੀਆਂ ਦਵਾਈਆਂ ਲਈ ਪੂਰੀ ਤਰ੍ਹਾਂ ਵਚਨਬੱਧ ਨਹੀਂ ਹੋਏ। ਅਸੀਂ ਸ਼ੂਗਰ ਦੇ ਮਰੀਜ਼ਾਂ ਲਈ ਸਮੁੱਚੀ ਕਵਰੇਜ ਚਾਹੁੰਦੇ ਹਾਂ ਪਰ ਉਹ ਅਜੇ ਤਕ ਵਚਨਬੱਧ ਨਹੀਂ ਹੋਏ। ਐਨਡੀਪੀ ਨੇ ਕਿਹਾ ਕਿ ਸਿੰਗਲ-ਪੇਅਰ ਯੂਨੀਵਰਸਲ ਫਾਰਮਾਕੇਅਰ ਸਿਸਟਮ ਵਿਚ ਕਾਨੂੰਨ ਨੂੰ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਲਿਬਰਲਜ਼ ਨੇ ਜਨਤਕ ਤੌਰ 'ਤੇ ਇਸ ਤਰ੍ਹਾਂ ਦੇ ਪ੍ਰੋਗਰਾਮ ਦੇ ਖਰਚ ਬਾਰੇ ਚਿੰਤਾ ਜ਼ਾਹਿਰ ਕੀਤੀ ਹੈ। ਸਮਝੌਤੇ ਤਹਿਤ ਲਿਬਰਲਜ਼ ਨੇ ਕਿਸੇ ਖ਼ਾਸ ਦਵਾਈਆਂ ਲਈ ਫੰਡ ਦਾ ਵਾਅਦਾ ਨਹੀਂ ਕੀਤਾ ਪਰ ਹੁਣ ਲਗਦਾ ਹੈ ਕਿ ਸ਼ੂਗਰ ਅਤੇ ਗਰਭ ਨਿਰੋਧਕ ਦਵਾਈਆਂ ਨੂੰ ਸ਼ਾਮਿਲ ਕਰਨ ਲਈ ਗੱਲਬਾਤ ਸ਼ੁਰੂਆਤੀ ਸਮਝੌਤੇ ਤੋਂ ਅੱਗੇ ਵਧ ਗਈ ਹੈ। ਪਿਛਲੇ ਹਫ਼ਤੇ 'ਦੀ ਗਲੋਬ ਐਂਡ ਮੇਲ' ਨੇ ਰਿਪੋਰਟ ਵਿਚ ਕਿਹਾ ਸੀ ਕਿ ਐਨਡੀਪੀ ਨਾਲ ਗੱਲਬਾਤ ਦੇ ਹਿੱਸੇ ਵਜੋਂ ਫੈਡਰਲ ਸਰਕਾਰ ਜਨਮ ਕੰਟਰੋਲ ਕਰਨ ਅਤੇ ਸ਼ੂਗਰ ਵਾਲੀਆਂ ਦਵਾਈਆਂ ਦਾ ਭਾਰ ਚੁੱਕਣ 'ਤੇ ਵਿਚਾਰ ਕਰ ਰਹੀ ਹੈ ਜਿਸ ਬਾਰੇ ਐਨਡੀਪੀ ਨੇ ਕਿਹਾ ਸੀ।



# ਪਿਕਸ ਸੁਸਾਇਟੀ ਵਲੋਂ ਮੀਡੀਆ ਵੇਵਜ਼ ਖਿਲਾਫ ਮਾਣਹਾਨੀ ਦਾ ਦਾਅਵਾ

ਸਰੀ-ਪਿਕਸ ਸੁਸਾਇਟੀ ਨੇ ਸੁਪਰੀਮ ਕੋਰਟ ਆਫ ਬ੍ਰਿਟਿਸ਼ ਕੋਲੰਬੀਆ ਵਿਚ ਮੀਡੀਆ ਵੇਵਜ਼ ਲਾਈਵ, ਆਸ਼ੀਆਨਾ ਖਾਨ, ਦੇਵ ਹੰਸ ਅਤੇ ਕੁਲਜੀਤ ਕੌਰ ਸਮੇਤ ਹੋਰ ਮੁੱਦਾਲਾ ਖਿਲਾਫ ਸਿਵਲ ਕਲੇਮ ਦਾ ਨੋਟਿਸ ਦਾਖ਼ਿਲ ਕੀਤਾ ਹੈ। ਕਲੇਮ ਦਾ ਉਦੇਸ਼ ਮੁੱਦਾਲਾ ਤੋਂ ਹਰਜਾਨੇ ਦੀ ਵਸੂਲੀ ਕਰਨਾ ਅਤੇ ਪਿਕਸ ਸੁਸਾਇਟੀ, ਇਸ ਦੇ ਬੋਰਡ ਆਫ ਡਾਇਰੈਕਟਰਜ਼ ਅਤੇ ਇਸ ਦੇ ਮੁਲਾਜ਼ਮਾਂ ਬਾਰੇ ਕਿਸੇ ਵੀ ਤਰ੍ਹਾਂ ਦੀ ਅਪਮਾਨਜਨਕ ਸਮੱਗਰੀ ਛਾਪਣ ਤੋਂ ਰੋਕਣਾ ਹੈ। ਪਿਕਸ ਸੁਸਾਇਟੀ ਦੇ ਪ੍ਰਤੀਨਿਧਾਂ ਨੇ ਕਿਹਾ ਕਿ ਮੁੱਦਾਲਾ ਪਿਛਲੇ ਦੋ ਸਾਲ ਤੋਂ ਪਿਕਸ ਸੁਸਾਇਟੀ ਦੀ ਸਾਖ 'ਤੇ ਬਦਨੀਤੀ ਨਾਲ ਹਮਲਾ ਕਰ ਰਹੇ ਹਨ ਅਤੇ ਅਸੀਂ ਬ੍ਰਿਟਿਸ਼ ਕੋਲੰਬੀਆ ਵਿਚ ਪਿਕਸ ਸੁਸਾਇਟੀ ਦੀ ਸਾਖ ਨੂੰ ਸਾਫ਼ ਕਰਨ ਲਈ ਕਾਨੂੰਨੀ ਪ੍ਰਕਿਰਿਆ ਦੀ ਵਰਤੋਂ ਕਰਨ ਦੀ ਆਸ ਰੱਖਦੇ ਹਾਂ। ਸਾਡਾ ਬ੍ਰਿਟਿਸ਼ ਕੋਲੰਬੀਆ ਵਿਚ ਪਿਕਸ ਸੁਸਾਇਟੀ, ਇਸ ਦੇ ਬੋਰਡ ਆਫ ਡਾਇਰੈਕਟਰਜ਼ ਅਤੇ ਇਸ ਦੇ ਮੁਲਾਜ਼ਮਾਂ ਦੇ ਨਾਂਅ ਨੂੰ ਕਲੀਅਰ ਕਰਨ ਲਈ ਮਜ਼ਬੂਤ ਕਾਨੂੰਨੀ ਪ੍ਰਣਾਲੀ ਵਿਚ ਪੂਰਾ ਭਰੋਸਾ ਹੈ।

# ਵਿਦਿਆਰਥਣ ਪ੍ਰਤੀ ਸਭਿਆਚਾਰਕ ਤੌਰ 'ਤੇ ਅਸੰਵੇਦਨਸ਼ੀਲ ਟਿੱਪਣੀਆਂ ਲਈ ਅਧਿਆਪਕ ਖਿਲਾਫ ਕਾਰਵਾਈ

ਸਰੀ-ਕਲਾਸਰੂਮ ਵਿਚ ਵਿਭਿੰਨਤਾ ਦਾ ਸਤਿਕਾਰ ਤੇ ਕਦਰ ਕਰਨ ਵਿਚ ਨਾਕਾਮ ਰਹਿਣ ਬਦਲੇ ਇਥੋਂ ਦੇ ਇਕ ਅਧਿਆਪਕ ਨੂੰ ਅਨੁਸ਼ਾਸਿਤ ਕੀਤਾ ਜਾ ਰਿਹਾ ਹੈ ਅਤੇ ਡਿਸਟ੍ਰਿਕਟ ਦਾ ਕਹਿਣਾ ਕਿ ਉਹ ਪਹਿਲਾਂ ਵੀ ਇਸ ਵਿਵਾਦ ਵਿਚ ਸ਼ਾਮਿਲ ਰਿਹਾ ਹੈ। ਬ੍ਰਿਟਿਸ਼ ਕੋਲੰਬੀਆ ਕਮਿਸ਼ਨਰ ਫਾਰ ਟੀਚਰ ਰੈਗੂਲੇਸ਼ਨ ਨਾਲ ਹੋਏ ਸਹਿਮਤੀ ਰੈਗੂਲੇਸ਼ਨ ਸਮਝੌਤੇ ਮੁਤਾਬਿਕ ਸਰੀ ਸਕੂਲ ਡਿਸਟ੍ਰਿਕਟ ਵਿਚ ਟੀਚਰ-ਆਨ-ਕਾਲ (ਟੀਓਸੀ) ਡੋਨਾਲਡ ਜੋਸੇਫ ਕੈਮੋਜ਼ੀ ਦੀ 2022 ਦੇ ਅਖੀਰ ਵਿਚ ਵਾਪਰੀ ਘਟਨਾ ਲਈ ਖਿਚਾਈ ਕੀਤੀ ਜਾ ਰਹੀ ਹੈ। ਇਕ ਨਵੰਬਰ 2022 ਨੂੰ ਸਰੀ ਵਿਚ ਗਰੇਡ 10 ਕਲਾਸ ਵਿਚ ਟੀਓਸੀ ਹੁੰਦਿਆਂ ਕੈਮੋਜ਼ੀ ਨੇ ਇਕ ਵਿਦਿਆਰਥਣ ਨਾਲ ਗੱਲਬਾਤ ਕੀਤੀ ਸੀ ਅਤੇ ਕਮਿਸ਼ਨਰ ਦਾ ਕਹਿਣਾ ਕਿ ਇਹ ਗੱਲਬਾਤ ਪੇਸ਼ੇਵਰ ਦੁਰਵਿਵਹਾਰ ਅਧੀਨ ਆਉਂਦੀ ਹੈ। ਵਿਦਿਆਰਥਣ ਜਿਸ ਨੇ ਹਿਜਾਬ ਪਹਿਨਿਆਂ ਹੋਇਆ ਸੀ ਨੂੰ ਕਲਾਸ ਦੇ ਸਾਹਮਣੇ ਹੀ ਕੈਮੋਜ਼ੀ ਨੇ ਕਿਹਾ ਕਿ ਕੀ ਉਹ ਇਕ ਦਿਨ ਪਹਿਲਾਂ ਟ੍ਰਿਕ-ਫਾਰ-ਟਰੀਟਿੰਗ ਲਈ ਗਈ ਸੀ। ਵਿਦਿਆਰਥਣ ਵਲੋਂ ਇਹ ਕਹਿਣ ਕਿ ਹੈਲੋਵੀਨ ਤਿਉਹਾਰ ਨਹੀਂ ਮਨਾਉਂਦੀ, ਕੈਮੋਜ਼ੀ ਨੇ ਆਪਣੀਆਂ ਟਿੱਪਣੀਆਂ ਦੀ ਲਾਈਨ ਜਾਰੀ ਰੱਖੀ ਅਤੇ ਕਿਹਾ ਕਿ ਮੇਰਾ ਹੈਲੋਵੀਨ ਪਹਿਰਾਵਾਂ ਤੁਹਾਡੇ ਨਾਲੋਂ ਵਧੀਆ ਹੈ। ਵਿਦਿਆਰਥਣ ਨੇ ਕਿਹਾ ਕਿ ਉਹ ਕੋਈ ਪੁਸ਼ਾਕ ਨਹੀਂ ਪਾਉਂਦੀ, ਇਸ 'ਤੇ ਕੈਮੋਜ਼ੀ ਨੇ ਵਿਦਿਆਰਥਣ ਦੇ ਹਿਜਾਬ ਵੱਲ ਇਸ਼ਾਰਾ ਕਰਦਿਆਂ ਆਪਣੇ ਬਿਆਨ ਨੂੰ ਮੁੜ ਦੁਹਰਾਇਆ।

Injured in an accident?
ICBC claim?
We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.
604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.randhawalaw.ca
200 – 6245 136th Street, Surrey, BC.

# ਜੀਐਨਆਈ ਕੈਨੇਡਾ ਦੇ ਚੇਅਰਮੈਨ ਗਿਆਨ ਸਿੰਘ ਸੰਧੂ ਗੁਰਮਤਿ ਕਾਲਜ ਪਟਿਆਲਾ ਦੇ ਵਿਦਿਆਰਥੀਆਂ ਦੇ ਰੂਬਰੂ ਹੋਏ

ਪਟਿਆਲਾ-ਗੁਰਮਤਿ ਕਾਲਜ ਪਟਿਆਲਾ ਵੱਲੋਂ ਤੇਜਬੀਰ ਸਿੰਘ,ਪ੍ਰਧਾਨ ਗੁਰੂ ਨਾਨਕ ਫਾਊਂਡੇਸ਼ਨ ਅਤੇ ਪ੍ਰਤਾਪ ਸਿੰਘ,ਡਾਇਰੈਕਟਰ ਗੁਰੂ ਨਾਨਕ ਫਾਊਂਡੇਸ਼ਨ ਦੇ ਦਿਸ਼ਾ ਨਿਰਦੇਸ਼ ਹੇਠ ਸਮੇਂ ਸਮੇਂ ਉੱਚਕੋਟੀ ਦੇ ਵਿਦਵਾਨਾਂ ਦੇ ਵਿਸ਼ੇਸ਼ ਭਾਸ਼ਣ ਕਰਵਾਏ ਜਾਂਦੇ ਹਨ ਅਤੇ ਵਿਦਵਾਨਾਂ ਨੂੰ ਵਿਦਿਆਰਥੀਆਂ ਦੇ ਰੂਬਰੂ ਕਰਵਾਇਆ ਜਾਂਦਾ ਹੈ। ਇਸੇ ਲੜੀ ਤਹਿਤ ਬੀਤੇ ਦਿਨ ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਸਰੀ (ਕਨੇਡਾ) ਦੇ ਚੇਅਰਮੈਨ ਗਿਆਨ ਸਿੰਘ ਸੰਧੂ ਵਿਦਿਆਰਥੀਆਂ ਦੇ ਰੂਬਰੂ ਹੋਏ।

ਕਾਲਜ ਦੀ ਪ੍ਰਿੰਸੀਪਲ ਡਾ. ਜਸਬੀਰ ਕੌਰ ਨੇ ਸਮਾਗਮ ਵਿਚ ਪਹੁੰਚੇ ਸਮੂਹ ਵਿਦਵਾਨਾਂ ਅਤੇ ਸਰੋਤਿਆਂ ਦਾ ਸਵਾਗਤ ਕੀਤਾ। ਉਹਨਾਂ ਕਿਹਾ ਕਿ ਗੁਰਮਤਿ ਕਾਲਜ ਜਿਸ ਆਦਰਸ਼ ਲਈ ਸਥਾਪਿਤ ਕੀਤਾ ਗਿਆ ਸੀ ਉਸ ਦੀ ਪੂਰਤੀ ਬਾਖੂਬੀ ਕਰ ਰਿਹਾ ਹੈ ਅਤੇ ਇਸ ਕਾਲਜ ਨੇ ਜਿਥੇ ਵੱਡੇ ਸਿੱਖ ਪ੍ਰਚਾਰਕ ਪੈਦਾ ਕੀਤੇ ਉਥੇ ਵੱਡੇ ਵਿਦਵਾਨ ਵੀ ਇਸ ਕਾਲਜ ਦੇ ਵਿਹੜੇ ਚੋਂ ਪੜ੍ਹ ਕੇ ਯੂਨੀਵਰਸਿਟੀਆਂ, ਕਾਲਜਾਂ ਤੇ ਦੇਸ਼ਾਂ ਵਿਦੇਸ਼ਾਂ ਵਿਚ ਵਿੱਦਿਆ ਦੇ ਖੇਤਰ ਵਿਚ ਕਾਰਜਸ਼ੀਲ ਹਨ। ਗਿਆਨ ਸਿੰਘ ਸੰਧੂ ਦਾ ਵਿਸ਼ੇਸ਼ ਸਵਾਗਤ ਕਰਦਿਆਂ ਉਨ੍ਹਾਂ ਕਿਹਾ ਕਿ ਗਿਆਨ ਸਿੰਘ ਸੰਧੂ ਬਹੁਤ ਛੋਟੀ ਉਮਰ ਵਿਚ ਕਨੇਡਾ ਚਲੇ ਗਏ ਸਨ ਅਤੇ ਉੱਥੇ ਜਾ ਕੇ ਜਿਹੜੇ ਕਾਰਜ ਕੀਤੇ ਉਹਨਾਂ ਦੀ ਜਾਣਕਾਰੀ ਉਨ੍ਹਾਂ ਦੀ ਪੁਸਤਕ 'ਅਣਗਾਹੇ ਰਾਹ' ਰਾਹੀਂ ਅਸੀਂ ਜਾਣ ਸਕਦੇ ਹਾਂ। ਵਿਸ਼ਵ ਸਿੱਖ ਭਾਈਚਾਰੇ ਵਿਚ ਉਹਨਾਂ ਦਾ ਵਿਸ਼ੇਸ਼ ਥਾਂ ਹੈ। ਵਿੱਦਿਆ ਪੱਖੋਂ ਉਹਨਾਂ ਨੇ ਸਿੱਖ ਪੰਥ ਨੂੰ ਇਕ ਵੱਡਾ ਵਿੱਦਿਅਕ ਅਦਾਰਾ ਦਿੱਤਾ ਹੈ। ਉਹ ਦੁਨੀਆ ਭਰ 'ਚ ਵਿਚਰ ਕੇ ਸਿੱਖਾਂ ਨਾਲ ਮਿਲ ਕੇ ਇਸ ਬਾਰੇ ਵਿਚਾਰ ਕਰ ਰਹੇ ਹਨ ਕਿ ਵਿੱਦਿਆ ਦੇ ਕਿਸ ਖੇਤਰ ਵਿਚ ਅਤੇ ਕੀ ਕਾਰਜ ਕੀਤੇ ਜਾ ਸਕਦੇ ਹਨ। ਜਿਹੜੇ ਕੇ ਇਸ ਸਮੇਂ ਪੰਜਾਬ ਦੇ ਵਿਚ ਵੀ ਸਿੱਖ ਅਧਿਐਨ ਅਤੇ ਖੋਜ ਦੇ ਖੇਤਰ ਵਿਚ ਵਿਸ਼ੇਸ਼ ਕਾਰਜ ਵੱਖ-ਵੱਖ ਸੰਸਥਾਵਾਂ ਨਾਲ ਸਾਂਝੇ ਤੌਰ ਤੇ ਕਰ ਰਹੇ ਹਨ। ਗਿਆਨ ਸਿੰਘ ਸੰਧੂ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਸਿੱਖੀ ਅਮਲਾਂ ਦੀ ਹੈ ਅਤੇ ਇਹ ਤੁਹਾਡੀ ਜੀਵਨ ਜਾਚ ਦੇ ਪ੍ਰਗਟਾਵੇ ਦਾ ਸ਼ੀਸ਼ਾ ਹੈ। ਦੀ ਪ੍ਰਧਾਨਗੀ ਕਰਦਿਆਂ ਡਾ. ਬਲਕਾਰ ਸਿੰਘ (ਸਾਬਕਾ ਡਾਇਰੈਕਟਰ ਵਿਸ਼ਵ ਪੰਜਾਬੀ ਸੈਂਟਰ) ਨੇ ਕਿਹਾ ਕਿ ਗਿਆਨ ਸਿੰਘ ਸੰਧੂ ਗ਼ਦਰੀ ਬਾਬਿਆਂ ਦੀ ਅਗਲੀ ਪੀੜ੍ਹੀ ਦੀ ਅਗਵਾਈ ਕਰ ਰਹੇ ਹਨ ਅਤੇ ਜਿਹੜਾ ਬੂਟਾ ਗ਼ਦਰੀ ਬਾਬਿਆਂ ਨੇ ਕਨੇਡਾ ਵਿਚ ਲਾਇਆ ਸੀ ਉਸ ਨੂੰ ਸਿੰਜਣ ਦਾ ਕਾਰਜ ਉਹ ਕਰ ਰਹੇ ਹਨ। ਇਸ ਮੌਕੇ ਗਿਆਨ ਸਿੰਘ ਸੰਧੂ ਨੂੰ ਸਿਰੋਪਾਓ ਦੇ ਕੇ ਅਤੇ ਫਾਊਂਡੇਸ਼ਨ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਦਾ ਸੈੱਟ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿਚ ਡਾ. ਹਰਜੀਤ ਸਿੰਘ ਨੇ ਸਮਾਗਮ ਵਿਚ ਪਹੁੰਚੇ ਸਮੂਹ ਵਿਦਵਾਨਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿਚ ਡੇਰਾ ਬਾਬਾ ਜੱਸਾ ਸਿੰਘ ਦੀ ਸੰਗਤ ਤੋਂ








ਇਲਾਵਾ ਡਾ. ਕੇਹਰ ਸਿੰਘ ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ, ਪ੍ਰੋਫੈਸਰ ਮਨਜੀਤ ਸਿੰਘ, ਇੰਜੀ. ਜੋਤਇੰਦਰ ਸਿੰਘ, ਡਿਪਟੀ ਡਾਇਰੈਕਟਰ ਮੈਡਮ ਰੇਨੂੰ ਹੰਸਪਾਲ, ਮੈਡਮ ਪ੍ਰਿੰਸੀਪਲ ਜਸਦੀਪ ਸੋਹੀ, ਰਜਿੰਦਰ ਸਿੰਘ, ਡਾ. ਅਸਪ੍ਰੀਤ ਕੌਰ, ਡਾ. ਹਰਜੀਤ ਸਿੰਘ, ਕੁਲਦੀਪ ਸਿੰਘ, ਮੈਡਮ ਪ੍ਰਭਜੋਤ ਕੌਰ, ਜਪਨੂਰ ਸਿੰਘ, ਜਗਜੀਤ ਸਿੰਘ, ਅਮਰਜੀਤ ਸਿੰਘ ਪਾਹਵਾ, ਡਾ. ਰਣਜੀਤ ਸਿੰਘ, ਮੈਡਮ ਬਲਜਿੰਦਰ ਕੌਰ, ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ ਦਾ ਸਟਾਫ ਤੇ ਗੁਰਮਤਿ ਕਾਲਜ ਦੇ ਵਿਦਿਆਰਥੀ ਇਸ ਵਿਚ ਸ਼ਾਮਲ ਹੋਏ।




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker

# TRANSource FREIGHTWAYS



ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




ਸਾਡੀ ਕੰਪਨੀ ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604-808-9805**

Email:safety@transourcefreightways.com


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵਿਖੇ ਕੌਮ ਦੇ ਮਹਾਨ ਸ਼ਹੀਦਾਂ ਦੀ ਯਾਦ 'ਚ ਦੀਵਾਨ ਸਜਾਏ ਗਏ

























ਸਰੀ ਕਨੇਡਾ (ਗੁਰਮੀਤ ਸਿੰਘ ਤੂਰ):ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵਿੱਖੇ ਜਿੱਥੇ ਹਰ ਹਫ਼ਤੇ ਕੌਮ ਦੇ ਮਹਾਨ ਸ਼ਹੀਦ ਜਿਨ੍ਹਾਂ ਨੇ ਦੇਸ਼ ਪੰਜਾਬ, ਸਿੱਖ ਕੌਮ ਦੀ ਆਨ ਸ਼ਾਨ ਅਤੇ ਚੜਦੀ ਕਲਾ ਲਈ ਆਪਣਾ ਤਨ ਮਨ ਧਨ ਅਤੇ ਕਈਆਂ ਨੇ ਆਪਣੇ ਪਰਿਵਾਰ ਵੀ ਭਾਵ ਸਭ ਕੁਝ ਕੁਰਬਾਨ ਕਰ ਦਿੱਤਾ ਉਹਨਾਂ ਦੀ ਨਿੱਘੀ ਮਿੱਠੀ ਯਾਦ ਵਿੱਚ ਹਰ ਐਤਵਾਰ ਦੇ ਸਮਰਪਿਤ ਦੀਵਾਨ ਸਜਾਏ ਜਾਂਦੇ ਹਨ।ਕੌਮ ਅਤੇ ਪੰਜਾਬ ਦੀ ਮਿੱਟੀ ਨਾਲ ਮੋਹ ਰੱਖਣ ਵਾਲੇ ਆਪਣੇ ਧੰਦੇ ਧੰਦਾਰਾਂ ਨੂੰ ਤਿਆਗ ਕੇ ਬੜੇ ਉਤਸ਼ਾਹ ਨਾਲ ਹਾਜ਼ਰੀਆਂ ਭਰਦੇ ਹਨ।18 ਫਰਵਰੀ 2024 ਕਿਸਾਨੀ ਸੰਘਰਸ਼ ਦੇ ਅਸਲੀ ਹੀਰੋ ਭਾਈ ਸੰਦੀਪ ਸਿੰਘ ਦੀਪ ਸਿੱਧੂ ਦੀ ਸ਼ਹਾਦਤ ਨੂੰ ਦੋ ਸਾਲ ਹੋ ਗਏ ਹਨ ਪੰਜਾਬ ਦੀ ਹੋਣੀ ਨੂੰ ਸਮਝਣ ਵਾਲੀ ਨੌਜੁਆਨੀ ਦੇ ਦਿਲਾਂ ਵਿੱਚ ਰਾਜ ਕਰਨ ਵਾਲੇ ਅਤੇ ਪੰਜਾਬ ਦੁਸ਼ਮਣ ਤਾਕਤਾਂ ਦੀ ਅੱਖ ਵਿੱਚ ਅੱਖ ਪਾ ਕੇ ਉਹਨਾਂ ਦਾ ਸਿਰਜਿਆ ਬਿਰਤਾਂਤ ਢਹਿ ਢੇਰੀ ਕਰ ਕੇ ਆਪਣਾ ਲੋਹਾ ਮਨਵਾਉਣ ਵਾਲੇ ਯੋਧੇ ਦੀ ਦੂਸਰੀ ਬਰਸੀ ਗੁਰੂ ਘਰ ਦੀ ਸਮੁੱਚੀ ਮਨੇਜਮੈਂਟ ਅਤੇ ਵਾਰਿਸ ਪੰਜਾਬ ਦੇ ਜਥੇਬੰਦੀ ਵੱਲੋਂ ਸਾਂਝੇ ਰੂਪ ਵਿੱਚ ਬਹੁਤ ਹੀ ਸ਼ਰਦਾ ਭਾਵਨਾ ਤੇ ਉਤਸ਼ਾਹ ਨਾਲ ਮਨਾਈ ਗਈ। ਵੱਡੀ ਗਿਣਤੀ ਵਿੱਚ ਜਿੱਥੇ ਸੰਗਤਾਂ ਨੇ ਹਾਜ਼ਰੀ ਲਗਵਾਈ ਉੱਥੇ ਕੌਮ ਦੀ ਚੜਦੀ ਕਲਾ ਲਈ ਆਪਣਾ ਸਮੁੱਚਾ ਜੀਵਨ ਸਮਰਪਿਤ ਕਰਨ ਵਾਲੇ ਜਥੇਦਾਰ ਭਾਈ ਅਜੈਬ ਸਿੰਘ ਬਾਗੜੀ ਸਾਬ ਅਤੇ ਕੌਮ ਦੇ ਮਹਾਨ ਵਿਦਵਾਨ ਭਾਈ ਪ੍ਰਭਸ਼ਰਨਵੀਰ ਸਿੰਘ, ਭਾਈ ਦੀਪ ਸਿੱਧੂ ਦੇ ਮਸੇਰ ਭਾਈ ਅਨਮੋਲ ਸਿੰਘ ਔਜਲਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਬੀਸੀ ਕਨੇਡਾ ਦੇ ਭਾਈ ਹਰਬੰਸ਼ ਸਿੰਘ ਔਜਲਾ, ਭਾਈ ਸਰੂਪ ਸਿੰਘ ਤੂੜ ਅਤੇ ਸਿੱਖ ਫਾਰ ਜਸਟਿਸ ਦੇ ਭਾਈ ਮਨਜਿੰਦਰ ਸਿੰਘ ਆਦਿ ਬੁਲਾਰਿਆਂ ਨੇ ਸ਼ਹੀਦਾਂ ਸੁਪਨਾ ਅਤੇ ਉਹਨਾਂ ਵੱਲੋ ਦਰਸਾਏ ਮਾਰਗ ਤੇ ਚੱਲਣ ਲਈ ਨੌਜੁਆਨਾ ਨੂੰ ਪ੍ਰੇਰਤ ਕੀਤਾ ਅਤੇ ਇਸ ਦੇ ਨਾਲ ਵਿਸ਼ੇਸ਼ ਤੋਰ ਤੇ ਮਹਾਨ ਸ਼ਹੀਦ ਭਾਈ ਦੁਰਗਾ ਸਿੰਘ ਆਰਫਕੇ ਜਿਨਾਂ ਨੂੰ ਭਾਰਤ ਦੀ ਜਾਲਮ ਪੁਲੀਸ ਵੱਲੋਂ ਟਾਹਲੀ ਨਾਲ ਬੰਨ ਕੇ ਜੀਪ ਨਾਲ ਖਿੱਚ ਕੇ ਦੋਫਾੜ ਕਰਕੇ ਸ਼ਹੀਦ ਕਰ ਦਿੱਤਾ ਸੀ ਅਤੇ ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ ਅਤੇ ਭਾਈ ਕਸ਼ਮੀਰ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ । ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਦੇ ਅੱਠ ਮਹੀਨੇ ਹੋਣ ਤੇ ਮਹੀਨਾਵਾਰੀ ਸ੍ਰੀ ਸਹਿਜ ਪਾਠ ਦੇ ਸੰਪੂਰਨ ਭੋਗ ਅਤੇ ਪੰਜ ਚੋਪਈ ਸਾਹਿਬ ਦੇ ਪਾਠ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਗੁਰਮਤਿ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਰਵਣ ਕਰਾਏ ਇਸ ਤਰ੍ਹਾਂ ੧੮ ਫਰਵਰੀ ਦਾ ਦਿਨ ਬਹੁਤ ਇਤਿਹਾਸਿਕ ਹੋ ਗੁਜ਼ਰਿਆ ।

# ਔਰਤਾਂ ਦੀਆਂ ਖੇਡਾਂ ਅਤੇ ਉਨ੍ਹਾਂ ਦੇ ਕਮਰਿਆਂ ਵਿਚ ਬਾਇਓਲੋਜੀਕਲ ਮਰਦਾਂ ਲਈ ਕੋਈ ਥਾਂ ਨਹੀਂ-ਪੋਲੀਵਰ

ਓਟਵਾ-ਕੰਸਰਵੇਟਿਵ ਨੇਤਾ ਪੀਅਰ ਪੋਲੀਵਰ ਨੇ ਲਿੰਗ ਪਛਾਣ ਨੂੰ ਲੈ ਕੇ ਸਭਿਆਚਾਰਕ ਲੜਾਈ ਵਿਚ ਹੋਰ ਅੱਗੇ ਵਧਦਿਆਂ ਕਿਹਾ ਕਿ ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਖੇਡਾਂ ਜਾਂ ਕੱਪੜੇ ਬਦਲਣ ਵਾਲੇ ਕਮਰੇ ਜਿਹੜੇ ਔਰਤਾਂ ਲਈ ਰੱਖੇ ਗਏ ਹੁੰਦੇ ਹਨ ਵਿਚ ਬਾਇਓਲੋਜੀਕਲ ਮਰਦਾਂ ਲਈ ਕੋਈ ਥਾਂ ਨਹੀਂ। ਕੰਸਰਵੇਟਿਵ ਨੇਤਾ ਦਾ ਬਿਆਨ ਪਿਛਲੇ ਪੱਤਝੜ ਵਿਚ ਕੰਸਰਵੇਟਿਵ ਦੇ ਨੀਤੀ ਮਤੇ ਨਾਲ ਮੇਲ ਖਾਂਦਾ ਹੈ। ਇਕ ਪ੍ਰੈਸ ਕਾਨਫ਼ਰੰਸ ਵਿਚ ਉਨ੍ਹਾਂ ਨੂੰ ਪੁੱਛਿਆ ਗਿਆ ਸੀ ਕਿ ਕੀ ਟਰਾਂਸਜੈਂਡਰ ਔਰਤਾਂ ਨੂੰ ਔਰਤਾਂ ਲਈ ਰੱਖੀਆਂ ਥਾਵਾਂ ਵਿਚ ਜਾਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਜਾਂ ਨਹੀਂ ਅਤੇ ਕੀ ਉਹ ਇਸ ਨੂੰ ਰੋਕਣ ਲਈ ਕੋਈ ਕਾਨੂੰਨ ਲਿਆਉਣਗੇ। ਪੋਲੀਵਰ ਨੇ ਕਿਹਾ ਕਿ ਉਸ ਦਾ ਵਿਸ਼ਵਾਸ਼ ਹੈ ਕਿ ਔਰਤਾਂ ਵਾਲੀਆਂ ਥਾਵਾਂ ਸਿਰਫ ਔਰਤਾਂ ਲਈ ਹੋਣੀਆਂ ਚਾਹੀਦੀਆਂ ਹਨ ਨਾ ਕੇ ਬਾਇਓਲੋਜੀਕਲ ਮਰਦਾਂ ਲਈ।



ਪਿਛਲੇ ਪੱਤਝੜ ਵਿਚ ਕੰਸਰਵੇਟਿਵ ਪਾਰਟੀ ਦੀ ਕਨਵੈਨਸ਼ਨ ਵਿਚ ਪਾਸ ਮਤੇ ਵਿਚ ਕਿਹਾ ਗਿਆ ਸੀ ਕਿ ਔਰਤਾਂ ਦੀ ਜੇਲ੍ਹਾਂ, ਬਾਥਰੂਮਜ਼ ਅਤੇ ਖੇਡਾਂ ਵਰਗੇ ਇਲਾਕਿਆਂ ਵਿਚ ਸਿੰਗਲ ਸੈਕਸ ਥਾਵਾਂ ਤਕ ਪਹੁੰਚ ਹੋਣੀ ਚਾਹੀਦੀ ਹੈ। ਐਡਮਿੰਟਨ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪੋਲੀਵਰ ਦੀਆਂ ਟਿੱਪਣੀਆਂ ਲਈ ਉਨ੍ਹਾਂ 'ਤੇ ਹਮਲਾ ਕਰਦਿਆਂ ਦੋਸ਼ ਲਗਾਇਆ ਕਿ ਵਿਰੋਧੀ ਧਿਰ ਦਾ ਨੇਤਾ ਸਮਾਜ ਵਿਚ ਬਹੁਤ ਹੀ ਕਮਜ਼ੋਰ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਪੋਲੀਵਰ ਵਰਗੇ ਸਿਆਸਤਦਾਨ ਵੱਡੀਆਂ ਸਮੱਸਿਆਵਾਂ ਜਿਨ੍ਹਾਂ ਦਾ ਕੈਨੇਡੀਅਨ ਆਪਣੇ ਰੋਜ਼ਾਨਾਂ ਦੇ ਜੀਵਨ ਵਿਚ ਸਾਹਮਣਾ ਕਰ ਰਹੇ ਹਨ ਦਾ ਠੋਸ ਹੱਲ ਪੇਸ਼ ਕਰਨ 'ਤੇ ਧਿਆਨ ਦੇਣ ਦੀ ਬਜਾਏ ਸਿਆਸੀ ਪਾੜਾ ਤੇ ਵੰਡ ਪਾਉਣਗੇ। ਜਨਤਕ ਰਾਇ ਵਾਲੇ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਲਿਬਰਲਜ਼ ਆਪਣੇ ਕੰਸਰਵੇਟਿਵ ਵਿਰੋਧੀਆਂ ਤੋਂ ਲਗਾਤਾਰ ਪਿੱਛੇ ਚੱਲ ਰਹੇ ਹਨ।

## ਆਰਸੀਐਮਪੀ ਦੇ ਅਫਸਰ ਨੂੰ ਟੱਕਰ ਮਾਰ ਕੇ ਜ਼ਖ਼ਮੀ ਕਰਨ ਵਾਲੇ ਡਰਾਈਵਰ ਦੀ ਪੁਲਿਸ ਨੂੰ ਤਲਾਸ਼

ਸਰੀ-ਇਕ ਡਰਾਈਵਰ ਜਿਹੜਾ 17 ਫਰਵਰੀ ਨੂੰ ਇਕ ਪੁਲਿਸ ਅਫਸਰ ਨੂੰ ਟੱਕਰ ਮਾਰ ਕੇ ਮੌਕੇ ਤੋਂ ਭੱਜ ਗਿਆ ਸੀ ਬੀਸੀ ਵਿਆਪੀ ਵਾਰੰਟ ਲਈ ਲੋੜੀਂਦਾ ਹੈ। ਬੀਸੀ ਹਾਈਵੇਅ ਪੈਟਰੋਲ ਨੇ ਇਕ ਰਿਲੀਜ਼ ਜਾਰੀ ਕਰਕੇ ਦੱਸਿਆ ਕਿ ਜ਼ਖ਼ਮੀ ਹੋਇਆ ਅਫਸਰ ਡੈਲਟਾ ਵਿਚ 72 ਐਵੀਨਿਊ ਵਿਖੇ ਹਾਈਵੇਅ 91 ਦੇ ਦੱਖਣ ਵਾਲੇ ਪਾਸੇ ਸਵੇਰੇ ਲਗਪਗ 10-30 ਵਜੇ ਟ੍ਰੈਫਿਕ ਕੰਟਰੋਲ ਕਰ ਰਿਹਾ ਸੀ। ਜਦੋਂ ਅਫਸਰ ਨੇ ਇਕ ਮੋਟਰ ਗੱਡੀ ਨੂੰ ਰੋਕਿਆ ਜਿਹੜੀ ਉਸ ਵਿਅਕਤੀ ਨਾਲ ਜੁੜੀ ਹੋਈ ਸੀ ਜਿਸ ਦੀ ਗ੍ਰਿਫ਼ਤਾਰੀ ਲਈ ਬੀਸੀ ਵਿਆਪੀ ਵਾਰੰਟ ਜਾਰੀ ਕੀਤੇ ਹਏ ਸਨ। ਸੜਕ ਦੇ ਇਕ ਪਾਸੇ ਸੰਖੇਪ ਗੱਲਬਾਤ ਪਿੱਛੋਂ ਇਹ ਡਰਾਈਵਰ ਅਧਿਕਾਰੀ ਨੂੰ ਟੱਕਰ ਮਾਰ ਕੇ ਭੱਜ ਗਿਆ। ਟੱਕਰ ਮਾਰਨ ਨਾਲ ਪੁਲਿਸ ਅਧਿਕਾਰੀ ਜ਼ਖ਼ਮੀ ਹੋ ਗਿਆ ਜਿਸ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ। ਹੁਣ ਅਫਸਰ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ ਅਤੇ ਉਸ ਦੇ ਪੂਰੀ ਤਰ੍ਹਾਂ ਸਿਹਤਯਾਬ ਹੋਣ ਦੀ ਆਸ ਹੈ। ਸ਼ੱਕੀ ਡਰਾਈਵਰ ਦੀ ਪਛਾਣ ਵੈਨਕੂਵਰ ਦੇ 57 ਸਾਲਾ ਟੋਬਿਨ ਪੀਟਰ ਹਾਸ ਵਜੋਂ ਕੀਤੀ ਗਈ ਹੈ। ਪੁਲਿਸ ਨੇ ਹਾਸ ਦੀ ਮੋਟਰ ਗੱਡੀ ਬਰਾਮਦ ਕਰ ਲਈ ਹੈ ਪਰ ਹਾਸ ਅਜੇ ਤਕ ਪੁਲਿਸ ਦੇ ਹੱਥ ਨਹੀਂ ਲੱਗਾ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕਿਤੇ ਹਾਸ ਦਿਸੇ ਤਾਂ ਉਸ ਦੇ ਕੋਲ ਜਾਣ ਦੀ ਕੋਸ਼ਿਸ਼ ਨਾ ਕਰਨ ਸਗੋਂ ਸਥਾਨਕ ਪੁਲਿਸ ਨੂੰ ਫੋਨ 'ਤੇ ਜਾਣਕਾਰੀ ਦੇਣ।

## ਗਹਿਣਿਆਂ ਦੇ ਦੁਕਾਨ 'ਤੇ ਲੁਟੇਰਿਆਂ ਵਲੋਂ ਗੋਲੀਬਾਰੀ-ਇਕ ਜ਼ਖ਼ਮੀ

ਸਰੀ-ਇਥੇ ਗਿਲਡਫੋਰਡ ਇਲਾਕੇ ਵਿਚ ਸ਼ੱਕੀ ਲੁਟੇਰਿਆਂ ਨੇ ਇਕ ਗਹਿਣਿਆਂ ਦੀ ਇਕ ਦੁਕਾਨ 'ਤੇ ਲੁੱਟ ਦੀ ਨੀਅਤ ਨਾਲ ਗੋਲੀਬਾਰੀ ਕੀਤੀ ਜਿਸ ਵਿਚ ਇਕ ਵਿਅਕਤੀ ਜ਼ਖ਼ਮੀ ਹੋ ਗਿਆ। ਸਰੀ ਆਰਸੀਐਮਪੀ ਆਸ ਕਰ ਰਹੀ ਹੈ ਕਿ ਜਨਤਾ ਉਨ੍ਹਾਂ ਦੀ ਮਦਦ ਕਰ ਸਕਦੀ ਹੈ ਅਤੇ ਉਨ੍ਹਾਂ ਨੇ ਗੋਲੀ ਚਲਾਉਣ ਦੀ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪਿਛਲੇ ਦਿਨੀ ਸ਼ਾਮ 6.23 ਵਜੇ ਪੁਲਿਸ ਨੂੰ 101 ਐਵੀਨਿਊ ਦੇ 15200 ਬਲਾਕ ਵਿਚ ਪੈਂਦੇ ਇਕ ਗਹਿਣਿਆਂ ਦੇ ਸਟੋਰ 'ਤੇ ਗੋਲੀ ਚਲਾਉਣ ਦੀ ਰਿਪੋਰਟ ਮਿਲੀ। ਜਦੋਂ ਪੁਲਿਸ ਮੌਕੇ 'ਤੇ ਪੁੱਜੀ ਤਾਂ ਉਨ੍ਹਾਂ ਦੇਖਿਆ ਕਿ ਇਹ ਲੁੱਟ ਦੀ ਕੋਸ਼ਿਸ਼ ਸੀ ਅਤੇ ਸ਼ੱਕੀ ਲੁਟੇਰਿਆਂ ਨੇ ਗੋਲੀ ਮਾਰ ਕੇ ਇਕ ਵਿਅਕਤੀ ਨੂੰ ਜ਼ਖ਼ਮੀ ਕਰ ਦਿੱਤਾ ਅਤੇ ਪੁਲਿਸ ਦੇ ਆਉਣ ਤੋਂ ਪਹਿਲਾਂ ਹੀ ਮੌਕੇ ਤੋਂ ਫਰਾਰ ਹੋ ਗਏ। ਪੀੜਤ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਥੇ ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਜਾਂਚ ਜਾਰੀ ਹੈ ਅਤੇ ਪੁਲਿਸ ਸੀਸੀਟੀਵੀ ਅਤੇ ਗਵਾਹਾਂ ਦੇ ਬਿਆਨ ਇਕੱਤਰ ਕਰ ਰਹੀ ਹੈ।

## ਨਾਬਾਲਗਾਂ ਦੀ ਪੋਰਨ ਵੈੱਬਸਾਈਟਾਂ 'ਤੇ ਪਹੁੰਚ ਰੋਕਣ ਲਈ ਭਵਿੱਖ ਦੀ ਕੰਸਰਵੇਟਿਵ ਸਰਕਾਰ ਕਾਨੂੰਨ ਵਿਚ ਤਬਦੀਲੀ ਕਰੇਗੀ-ਪੋਲੀਵਰ

ਓਟਵਾ-ਵਿਰੋਧੀ ਧਿਰ ਦੇ ਨੇਤਾ ਪੀਅਰ ਪੋਲੀਵਰ ਨੇ ਸੰਕੇਤ ਦਿੱਤਾ ਕਿ ਭਵਿੱਖ ਦੀ ਕੰਸਰਵੇਟਿਵ ਸਰਕਾਰ ਕਾਨੂੰਨ ਵਿਚ ਤਬਦੀਲੀ ਕਰੇਗੀ ਜਿਸ ਤਹਿਤ ਪੋਰਨ ਵੈੱਬਸਾਈਟਾਂ ਨੂੰ ਨਾਬਾਲਗਾਂ ਦੀ ਪੋਰਨ ਸਮੱਗਰੀ ਤਕ ਪਹੁੰਚ ਰੋਕਣ ਲਈ ਯੂਜ਼ਰਾਂ ਦੀ ਉਮਰ ਨੂੰ ਤਸਦੀਕ ਕਰਨਾ ਪਵੇਗਾ। ਜਦੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਦੀ ਸਰਕਾਰ ਪੋਰਨ ਵੈੱਬਸਾਈਟਾਂ ਲਈ ਯੂਜ਼ਰਾਂ ਦੀ ਉਮਰ ਦੀ ਤਸਦੀਕ ਕਰਨ ਨੂੰ ਲਾਜ਼ਮੀ ਬਣਾਵੇਗੀ ਤਾਂ ਪੋਲੀਵਰ ਨੇ ਇਕ ਸ਼ਬਦ ਦਾ ਉੱਤਰ ਦਿੰਦਿਆਂ ਕਿਹਾ ਕਿ ਹਾਂ। ਉਨ੍ਹਾਂ ਨੇ ਹੋਰ ਸਪਸ਼ਟੀਕਰਨ ਦੀ ਪੇਸ਼ਕਸ਼ ਨਹੀਂ ਕੀਤੀ ਅਤੇ ਉਨ੍ਹਾਂ ਦੇ ਦਫ਼ਤਰ ਨੇ ਇਸ ਪਿੱਛੋਂ ਕਾਹਲੀ ਨਾਲ ਸਪਸ਼ਟੀਕਰਨ ਵਾਲਾ ਬਿਆਨ ਦੇ ਕੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਟੋਰੀਜ਼ ਡਿਜੀਟਲ ਆਈਡੀ ਲਾਗੂ ਕਰਨ ਵਿਚ ਵਿਸ਼ਵਾਸ਼ ਨਹੀਂ ਰੱਖਦੇ। ਟੋਰੀਜ਼ ਸੈਨੇਟ ਦੇ ਪ੍ਰਾਈਵੇਟ ਮੈਂਬਰ ਦੇ ਬਿੱਲ ਨੂੰ ਸਪਾਂਸਰ ਤੇ ਸਮਰਥਨ ਕਰ ਰਹੇ ਹਨ ਜਿਹੜਾ ਪੋਰਨੋਗ੍ਰਾਫੀ ਆਨਲਾਈਨ ਤਕ ਪਹੁੰਚ ਲਈ ਲੋਕਾਂ ਦੀ ਉਮਰ ਦੀ ਤਸਦੀਕ ਦੀ ਜ਼ਰੂਰਤ ਦਾ ਵਾਅਦਾ ਕਰਦਾ ਹੈ। ਬਿੱਲ ਐਸ-210 ਸੈਨੇਟ ਵਿਚ ਬਸੰਤ ਵਿਚ ਪਾਸ ਕੀਤਾ ਗਿਆ ਸੀ ਅਤੇ ਨਿਊ ਡੈਮੋਕਰੇਟਸ, ਬਲੌਕ ਕਿਊਬਕੋਇਸ ਅਤੇ ਕੰਸਰਵੇਟਿਵ ਐਮਪੀਜ਼ ਨੇ ਅਧਿਐਨ ਲਈ ਇਸ ਨੂੰ ਹਾਊਸ ਆਫ ਕਾਮਨਜ਼ ਕਮੇਟੀ ਕੋਲ ਭੇਜਣ ਦੇ ਪੱਖ ਵਿਚ ਵੋਟ ਦਿੱਤਾ ਸੀ।

## ਸਪੈਸ਼ਲ ਓਲੰਪਿਕ ਬੀਸੀ 2024 ਪੋਲਰ ਪਲੰਜ ਲਈ ਠੰਢੇ ਪਾਣੀ ਵਿਚ ਲਾਈ ਡੁਬਕੀ

ਸਰੀ-ਕਈ ਆਰਸੀਐਮਪੀ ਅਧਿਕਾਰੀਆਂ ਨੇ ਸ਼ੈਰਿਫਾਂ, ਸਪੈਸ਼ਲ ਓਲੰਪਿਕ ਬੀਸੀ ਐਥਲੀਟਾਂ, ਫਾਇਰਫਾਈਟਰਾਂ, ਬਾਈਲਾਅ ਵਰਕਰਾਂ ਅਤੇ ਹੋਰਨਾਂ ਨਾਲ ਆਰਸੀਐਮਪੀ ਦੇ ਸਪੈਸ਼ਲ ਓਲੰਪਿਕ ਬੀਸੀ 2024 ਪੋਲਰ ਪਲੰਜ ਦੀ ਸਹਾਇਤਾ ਲਈ ਸਾਲਾਨਾ ਫੰਡ ਇਕੱਤਰ ਕਰਨ ਦੇ ਹਿੱਸੇ ਵਜੋਂ ਦੱਖਣੀ ਸਰੀ ਵਿਚ ਕਰੇਸੈਂਟ ਬੀਚ ਦੇ ਕੋਲ ਸਮੁੰਦਰ ਦੇ ਠੰਢੇ ਪਾਣੀ ਵਿਚ ਡੁਬਕੀ ਲਗਾਈ। ਸਰੀ ਆਰਸੀਐਮਪੀ ਦੇ ਕੰਸਟੇਬਲ ਪਰਮਬੀਰ ਕਾਹਲੋਂ ਜਿਸ ਨੇ ਦੋ ਵਾਰ ਠੰਢੇ ਪਾਣੀਆਂ ਵਿਚ ਡੁਬਕੀ ਲਗਾਈ ਨੇ ਕਿਹਾ ਕਿ ਪਾਣੀ ਠੰਢਾ ਸੀ। ਉਸ ਨੇ ਫੋਨ 'ਤੇ ਦੱਸਿਆ ਦੂਸਰੀ ਵਾਰ ਡੁਬਕੀ ਲਗਾਉਣੀ ਥੋੜੀ ਔਖੀ ਸੀ। ਕਾਹਲੋਂ ਨੇ ਦੱਸਿਆ ਕਿ ਹੁਣ ਤਕ 7000 ਡਾਲਰ ਇਕੱਤਰ ਹੋ ਚੁੱਕੇ ਹਨ। ਕਾਹਲੋਂ ਨੇ ਦੱਸਿਆ ਕਿ ਜੇਕਰ ਕੋਈ ਵਿਅਕਤੀ ਸਾਊਥ ਸਰੀ ਵਿਚ ਡੁਬਕੀ ਲਈ ਖੁੰਝ ਗਿਆ ਹੈ ਤਾਂ ਉਹ ਅਜੇ ਵੀ ਹਿੱਸਾ ਲੈ ਸਕਦਾ ਹੈ। 3 ਮਾਰਚ ਤਕ ਇਸ ਤਰ੍ਹਾਂ ਦੇ ਕਈ ਫੰਡਰੇਜ਼ਰ ਸਮਾਗਮ ਕੀਤੇ ਜਾ ਰਹੇ ਹਨ।



# ਨਿੱਝਰ ਦੇ ਸਾਥੀ ਸਿਮਰਨਜੀਤ ਸਿੰਘ ਦੇ ਘਰ ’ਤੇ ਗੋਲੀ ਚਲਾਉਣ ਵਾਲੇ ਦੋ ਕਿਸ਼ੋਰਾਂ ’ਤੇ ਦੋਸ਼ ਆਇਦ

ਸਰੀ-16 ਸਾਲ ਦੇ ਦੋ ਨੌਜਵਾਨਾਂ ’ਤੇ ਇਸ ਮਹੀਨੇ ਦੇ ਸ਼ੁਰੂ ਵਿਚ ਦੱਖਣੀ ਸਰੀ ਵਿਚ ਗੋਲੀ ਚਲਾਉਣ ਦੇ ਸਬੰਧ ਵਿਚ ਦੋਸ਼ ਲਗਾਏ ਗਏ ਹਨ ਅਤੇ ਇਸ ਗੋਲੀਬਾਰੀ ਵਿਚ ਇਕ ਸਿੱਖ ਕਾਰਕੁਨ ਸਿਮਰਨਜੀਤ ਸਿੰਘ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਕ ਫਰਵਰੀ ਨੂੰ ਤੜਕੇ ਸਰੀ ਵਿਚ 154 ਸਟਰੀਟ ਦੇ 2800 ਬਲਾਕ ਵਿਚ ਗੋਲੀਆਂ ਚਲਾਈਆਂ ਗਈਆਂ ਸਨ ਜਿਸ ਦੀ ਰਾਤ 1.20 ਵਜੇ ਪੁਲਿਸ ਨੂੰ ਜਾਣਕਾਰੀ ਦਿੱਤੀ ਗਈ ਸੀ। ਸਨੀਸਾਈਡ ਰਿਹਾਇਸ਼ ਸਿਮਰਨਜੀਤ ਸਿੰਘ ਦਾ ਘਰ ਹੈ ਜਿਹੜਾ ਹਰਦੀਪ ਸਿੰਘ ਨਿੱਝਰ ਵਾਲੀ ਗੁਰਦੁਆਰਾ ਕਮੇਟੀ ਨਾਲ ਜੁੜਿਆ ਹੋਇਆ ਹੈ ਜਿਸ ਦੀ ਜੂਨ 2023 ਵਿਚ ਸਰੀ ਵਿਚ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਭਾਵੇਂ ਇਸ ਘਟਨਾ ਵਿਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਪਰ ਇਸ ਨੇ ਬੀਸੀ ਵਿਚ ਸਿੱਖ ਭਾਈਚਾਰੇ ਦੇ ਕਈ ਲੋਕਾਂ ਵਿਚ ਭੈਅ ਦਾ ਮਾਹੌਲ ਪੈਦਾ ਕਰ ਦਿੱਤਾ। ਇਹ ਕਿਆਸਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਇਹ ਘਟਨਾ ਵਿਦੇਸ਼ੀ ਦਖ਼ਲਅੰਦਾਜ਼ੀ ਨਾਲ ਜੁੜੀ ਹੋਈ ਹੈ। ਸਰੀ ਆਰਸੀਐਮਪੀ ਦੀ ਕਾਰਪੋਰਲ ਸਰਬਜੀਤ ਕੌਰ ਸੰਘਾ ਨੇ ਦੱਸਿਆ ਕਿ ਜਾਂਚ ਅਧਿਕਾਰੀਆਂ ਨੂੰ ਇਸ ਮਾਮਲੇ ਦੇ ਸਬੰਧ ਵਿਚ ਕਿਸੇ ਵਿਦੇਸ਼ੀ ਦਖ਼ਲਅੰਦਾਜ਼ੀ ਦਾ ਕੋਈ ਸੰਪਰਕ ਨਹੀਂ ਲੱਭਾ। ਇਸ ਘਟਨਾ ਪਿੱਛੋਂ ਜਾਂਚ ਕਰਨ ਲਈ 140 ਸਟਰੀਟ ਦੇ 7700 ਬਲਾਕ ਵਿਚ ਸਥਿਤ ਇਕ ਘਰ ਦਾ ਤਲਾਸ਼ੀ ਵਾਰੰਟ ਲਿਆ ਗਿਆ। ਤਲਾਸ਼ੀ ਦੌਰਾਨ ਪੁਲਿਸ ਨੇ ਅਗਨੀ ਸ਼ਾਸਤਰ ਅਤੇ ਕਈ ਇਲੈਕਟ੍ਰਾਨਿਕ ਉਪਕਰਣ ਜ਼ਬਤ ਕੀਤੇ ਹਨ। 12 ਫਰਵਰੀ ਨੂੰ ਗ੍ਰਿਫ਼ਤਾਰ ਕੀਤੇ ਜਾਣ ਪਿੱਛੋਂ ਬੀਸੀ ਪ੍ਰੌਸੀਕਿਊਸ਼ਨ ਸਰਵਿਸ ਨੇ 16 ਸਾਲ ਦੇ ਦੋ ਲੜਕਿਆਂ ’ਤੇ ਇਕ ਥਾਂ ’ਤੇ ਅਗਨੀ ਸ਼ਾਸਤਰ ਚਲਾਉਣ ਅਤੇ ਮਨਾਹੀ ਵਾਲੇ ਹਥਿਆਰ ਕੋਲ ਰੱਖਣ ਦੇ ਦੋਸ਼ ਲਗਾਏ ਹਨ। ਅਦਾਲਤ ਵਿਚ ਅਗਲੀ ਪੇਸ਼ੀ ਤਕ ਦੋਵੇਂ ਨੌਜਵਾਨ ਹਿਰਾਸਤ ਵਿਚ ਰਹਿਣਗੇ।





# ਜ਼ਿਆਦਾ ਭੀੜ ਕਾਰਨ ਸਰੀ ਦੇ 7 ਹਾਈ ਸਕੂਲਾਂ ਵਿਚ ਸਮਾਂ-ਸੂਚੀ ਵਿਚ ਕੀਤੀ ਜਾ ਰਹੀ ਹੈ ਤਬਦੀਲੀ

ਸਰੀ-ਇਥੋਂ ਦੇ ਕੁਝ ਹਾਈ ਸਕੂਲ ਅਗਲੇ ਸਾਲ ਵੱਖਰੇ ਦਿਖਾਈ ਦੇਣਗੇ ਕਿਉਂਕਿ ਕਲਾਸਰੂਮਾਂ ਵਿਚ ਭੀੜ ਨੂੰ ਘੱਟ ਕਰਨ ਲਈ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਤਬਦੀਲੀਆਂ ਨੂੰ ਬੁੱਧਵਾਰ ਰਾਤ ਨੂੰ ਸਕੂਲ ਬਰੋਡ ਦੀ ਰੈਗੂਲਰ ਮੀਟਿੰਗ ਵਿਚ ਪ੍ਰਵਾਨਗੀ ਦਿੱਤੀ ਗਈ। ਟਰੱਸਟੀਆਂ ਨੇ ਡਿਪਟੀ ਸੁਪਰਡੈਂਟ ਐਂਡਰਿਊ ਦੀ ਕੁਝ ਸਕੂਲਾਂ ਵਲੋਂ ਸਤੰਬਰ ਦੇ ਸ਼ੁਰੂ ਵਿਚ ਦਿਨ ਦਾ ਸਮਾਂ ਵਧਾਉਣ ਅਤੇ ਇਹ ਤਬਦੀਲੀ ਕਿਸ ਤਰ੍ਹਾਂ ਦਿਸੇਗੀ ਸਬੰਧੀ ਪੇਸ਼ਕਾਰੀ ਨੂੰ ਸੁਣਿਆਂ। ਸੁਪਰਡੈਂਟ ਮਾਰਕ ਪੀਅਰਮੈਨ ਨੇ ਦੱਸਿਆ ਕਿ ਅਸੀਂ ਇਸ ਸਮੇਂ ਬਹੁਤ ਹੀ ਮਹੱਤਵਪੂਰਣ ਵਿਕਾਸ ਚੱਕਰ ਵਿਚ ਹਾਂ ਅਤੇ ਜਦੋਂ ਸਕੂਲਾਂ ਦੀ ਵਰਤੋਂ ਕਰਨ ਅਤੇ ਇਹ ਇਹ ਯਕੀਨੀ ਬਣਾਉਣ ਕਿ ਸਾਡੇ ਸਕੂਲਾਂ ਕੋਲ ਢੁਕਵੀਂ ਥਾਂ ਹੋਵੇ ਦੀ ਗੱਲ ਆਉਂਦੀ ਹੈ ਤਾਂ ਸਾਡੇ ’ਤੇ ਦਬਾਅ ਵਧਦਾ ਹੈ। ਅਸੀਂ ਇਸ ਵਿਕਾਸ ਨੂੰ ਕਿਵੇਂ ਪ੍ਰਬੰਧਿਤ ਕਰਨਾ ਹੈ ਉਸ ਨੂੰ ਲੈ ਕੇ ਅਸੀਂ ਭੀੜ ਘਟਾਉਣ ਲਈ ਵੱਖ ਵੱਖ ਰਣਨੀਤੀਆਂ ’ਤੇ ਵਿਚਾਰ ਕੀਤਾ ਹੈ। ਦਿਨਾਂ ਨੂੰ ਵਧਾਉਣ ਦਾ ਮਤਲਬ ਇਹ ਹੋਵੇਗਾ ਕਿ ਸਕੂਲ ਵਾਲੇ ਦਿਨ ਨੂੰ ਪ੍ਰਤੀ ਦਿਨ ਪੰਜ ਪੀਰੀਅਡਾਂ ਵਿਚ ਵੰਡਿਆ ਜਾਵੇਗਾ ਅਤੇ ਵਿਦਿਆਰਥੀ ਪੰਜ ਪੀਰੀਅਡਾਂ ਵਿਚੋਂ ਚਾਰ ਵਿਚ ਹਾਜ਼ਰੀ ਦੇਣਗੇ। ਹੌਲੈਂਡ ਨੇ ਦੱਸਿਆ ਕਿ ਮੱਧ ਵਿਚ ਛੁੱਟੀ ਹੋਣ ਕਾਰਨ ਕੁਝ ਵਿਦਿਆਰਥੀਆਂ ਨੂੰ ਲੰਬਾ ਸਮਾਂ ਸਕੂਲ ਵਿਚ ਰਹਿਣਾ ਪਵੇਗਾ। ਨਵੇਂ ਮਾਡਲ ਨਾਲ ਕੁਝ ਹਾਂਪੱਖੀ ਗੱਲਾਂ ਪੈਦਾ ਹੋ ਸਕਦੀਆਂ ਹਨ ਅਤੇ ਬੋਰਡ ਨੇ ਇਸ ਤਬਦੀਲੀ ’ਤੇ ਅਸੰਤੁਸ਼ਟੀ ਜ਼ਾਹਿਰ ਕੀਤੀ ਹੈ ਜਿਸ ਦਾ ਡਿਸਟ੍ਰਿਕਟ ਵਿਚ ਸੱਤ ਹਾਈ ਸਕੂਲਾਂ ’ਤੇ ਅਸਰ ਪੈਣ ਦੀ ਸੰਭਾਵਨਾ ਹੈ। ਨਵੇਂ ਮਾਡਲ ਨਾਲ ਸਕੂਲਾਂ ਦੀਆਂ ਥਾਵਾਂ ਦੀ ਸਮਰੱਥਾ ਵਧ ਸਕਦੀ ਹੈ, ਸ਼ਾਇਦ ਇਹ 10 ਜਾਂ 15 ਫ਼ੀਸਦੀ ਵਧ ਸਕਦੀ ਹੈ।


ROHITA PANNU
LAW CORPORATION
BARRISTER & SOLICITOR





SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ਼
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8


# ਉਸਾਰੀ ਅਧੀਨ ਇਮਾਰਤ ’ਤੇ ਕਰੇਨ ਦਾ ਲੋਡ ਡਿਗਿਆ-ਇਕ ਮੌਤ



ਵੈਨਕੂਵਰ-ਇਥੇ ਇਕ ਅਧੂਰੀ ਇਮਾਰਤ ’ਤੇ ਕਰੇਨ ਵਲੋਂ ਚੁੱਕਿਆ ਜਾ ਰਿਹਾ ਲੋਡ ਡਿਗਣ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ। ਘਟਨਾ ਵੈਸਟ 41ਵੀਂ ਐਵੀਨਿਊ ਅਤੇ ਵੈਸਟ 45ਵੀਂ ਐਵੀਨਿਊ ਵਿਚਕਾਰ ਕੈਂਬੀ ਸਟਰੀਟ ’ਤੇ ਓਕਰਿਜ ਪਾਰਕ ਕੰਸਟਰਕਸ਼ਨ ਸਾਈਟ ਵਿਖੇ ਸ਼ਾਮ ਤਿੰਨ ਵਜੇ ਦੇ ਲੱਗਪਗ ਵਾਪਰੀ। ਦੁਰਘਟਨਾ ਵਾਲੀ ਥਾਂ ਤੋਂ 1700 ਕਾਮਿਆਂ ਨੂੰ ਹਟਾਇਆ ਗਿਆ ਹੈ। ਲੋਡ ਡਿਗਣ ਨਾਲ ਬਹੁਮੰਜ਼ਿਲੀ ਅਧੂਰੀ ਇਮਾਰਤ ਨੂੰ ਹੋਇਆ ਨੁਕਸਾਨ ਦੇਖਿਆ ਜਾ ਸਕਦਾ ਹੈ। ਪ੍ਰੀਮੀਅਰ ਡੇਵਿਡ ਏਬੀ ਅਤੇ ਲੇਬਰ ਮੰਤਰੀ ਹੈਰੀ ਬੈਂਸ ਨੇ ਘਟਨਾ ’ਤੇ ਦੁੱਖ ਜ਼ਾਹਿਰ ਕੀਤਾ ਹੈ। ਉਨ੍ਹਾਂ ਕਿਹਾ ਕਿ ਹਰੇਕ ਵਰਕਰ ਦਿਨ ਖ਼ਤਮ ਹੋਣ ’ਤੇ ਆਪਣੇ ਘਰ ਸੁਰੱਖਿਅਤ ਜਾਣ ਦਾ ਹੱਕ ਰੱਖਦਾ ਹੈ ਅਤੇ ਇਹ ਘਟਨਾ ਕੰਮ ਵਾਲੀ ਥਾਂ ’ਤੇ ਸੁਰੱਖਿਆ ਦੇ ਮਹੱਤਵ ਦੀ ਯਾਦ ਦਿਵਾਉਂਦੀ ਹੈ। ਬੀਸੀ ਕੋਰੋਨਰ ਸਰਵਿਸ ਅਤੇ ਵਰਕਸੇਫ ਬੀਸੀ ਵਲੋਂ ਘਟਨਾ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਮਾਰੇ ਗਏ ਵਿਅਕਤੀ ਦੀ ਜਨਤਕ ਤੌਰ ’ਤੇ ਪਛਾਣ ਨਹੀਂ ਕੀਤੀ ਗਈ।

# ਕੁਦਰਤ ਅੱਗੇ ਬੰਦੇ ਦੀ ਔਕਾਤ





ਦੇਵਿੰਦਰ ਦੀਦਾਰ

ਆਦਮੀ ਜਦੋਂ ਵੀ ਦੁੱਖ ਭੋਗਦਾ ਹੈ ਜਾਂ ਕਿਸੇ ਰੋਗ ਵਿਚ ਗ੍ਰਸਤ ਹੁੰਦਾ ਹੈ, ਜੇ ਬਾਰੀਕੀ ਨਾਲ ਇਸ ਦੀ ਛਾਣ-ਬੀਣ ਕੀਤੀ ਜਾਵੇ ਤਾਂ ਬੰਦਾ ਜ਼ਿਆਦਾਤਰ ਆਪਣੀਆਂ ਗ਼ਲਤੀਆਂ ਕਾਰਨ ਹੀ ਇਸ ਤਰ੍ਹਾਂ ਦੀਆਂ ਮੁਸ਼ਕਿਲਾਂ ਵਿੱਚ ਫਸਦਾ ਹੈ। ਕੁਦਰਤ ਪ੍ਰਤੀ ਸਾਡੀ ਲਾਪਰਵਾਹੀ ਹੀ ਇਨ੍ਹਾਂ ਮੁਸੀਬਤਾਂ ਦਾ ਅਸਲ ਕਾਰਨ ਬਣਦੀ ਹੈ। ਅਸੀਂ ਕਿਸੇ ਮਨੁੱਖ ਜਾਂ ਜਾਨਵਰ ਨੂੰ ਜਦੋਂ ਵੀ ਤੰਗ ਕਰਾਂਗੇ ਤਾਂ ਉਹ ਜ਼ਰੂਰ ਅੱਗੋਂ ਸਾਡੇ ਉੱਪਰ ਹਮਲਾ ਕਰੇਗਾ। ਜੇ ਅਸੀਂ ਕੁਦਰਤ ਨਾਲ ਕੋਈ ਛੇੜ-ਛਾੜ ਕਰਾਂਗੇ, ਫੇਰ ਉਸ ਦੇ ਜਵਾਬੀ ਹਮਲੇ ਲਈ ਵੀ ਸਾਨੂੰ ਤਿਆਰ ਰਹਿਣਾ ਪਵੇਗਾ। ਕਿੰਨੇ ਚਿਰ ਤੋਂ ਅਸੀਂ ਖੁੱਲ੍ਹ-ਮ-ਖੁੱਲ੍ਹਾ ਕੁਦਰਤ ਦਾ ਨੁਕਸਾਨ ਕਰਦੇ ਆ ਰਹੇ ਹਾਂ, ਜਿਸ ਕਾਰਨ ਅਸੀਂ ਮੌਜੂਦਾ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਾਂ।

ਕੁਦਰਤ ਨੇ ਜਿਸ ਜੀਵ ਨੂੰ ਵੀ ਪੈਦਾ ਕੀਤਾ ਹੈ, ਉਸ ਦੇ ਖਾਣ-ਪੀਣ ਅਤੇ ਰਹਿਣ ਦਾ ਆਹਾਰ ਵੀ ਉਸੇ ਨੇ ਕਰਨਾ ਹੁੰਦਾ ਹੈ। ਮਨੁੱਖ ਨੇ ਜਿਵੇਂ-ਜਿਵੇਂ ਤਰੱਕੀ ਕੀਤੀ ਹੈ, ਤਿਵੇਂ-ਤਿਵੇਂ ਉਸ ਨੇ ਕੁਦਰਤ ਦੀਆਂ ਬਖਸ਼ਿਸ਼ਾਂ ਦਾ ਧੰਨਵਾਦ ਕਰਨ ਦੀ ਥਾਂ, ਜ਼ਿਆਦਾਤਰ ਉਨ੍ਹਾਂ ਨਾਲ ਛੇੜ-ਛਾੜ ਕਰਨ ਦੇ ਯਤਨ ਵਿਚ ਹੀ ਰੁੱਝਾ ਰਿਹਾ ਹੈ। ਇਸ ਦਾ ਸਬੂਤ ਲੱਭਣ ਲਈ ਸਾਨੂੰ ਜ਼ਿਆਦਾ ਇਤਿਹਾਸ ਵਿਚ ਜਾਣ ਦੀ ਜ਼ਰੂਰਤ ਨਹੀਂ, ਜੇ ਅਸੀਂ ਆਪਣੀ ਜ਼ਿੰਦਗੀ ਦੀ ਪੂਰੀ ਤਰ੍ਹਾਂ ਪੜਚੋਲ ਕਰ ਲਈਏ ਤਾਂ ਸਾਨੂੰ ਸਮਝ ਆ ਜਾਵੇਗੀ ਕਿ ਬੀਤੇ ਵਿਚ ਕੁਦਰਤ ਦਾ ਵਿਰੋਧ ਕਰਕੇ ਅਸਾਂ ਕਿਹੜੀ-ਕਿਹੜੀ ਮੁਸੀਬਤ ਸਹੇੜੀ ਹੈ ? ਸਾਨੂੰ ਕਈ ਕੁਦਰਤ ਪ੍ਰੇਮੀਆਂ ਨੇ ਵੀ ਸਮਝਾਇਆ ਕਿ ਸਾਵੀਂ-ਪੱਧਰੀ ਜ਼ਿੰਦਗੀ ਜੀਉਣ ਲਈ ਕੁਦਰਤ ਦੇ ਨਿਯਮ ਮੰਨਣ ਵਿੱਚ ਹੀ ਭਲਾਈ ਹੈ। ਵਰਨਾ ਕੁਦਰਤ ਵੀ ਸਾਡੀਆਂ ਗ਼ਲਤੀਆਂ ਨੂੰ ਕਦੇ ਵੀ ਮੁਆਫ਼ ਨਹੀਂ ਕਰੇਗੀ। ਹਰ ਵਾਰ ਅਸੀਂ ਆਪਣੀ ਅਕਲ ਨੂੰ ਕੁਦਰਤ ਨਾਲੋਂ ਜਿਆਦਾ ਤਾਕਤਵਾਰ ਸਮਝਣ ਦੀ ਗਲਤੀ ਕਰਕੇ ਹੀ ਮੁਸੀਬਤਾਂ ਮੁੱਲ ਲੈਂਦੇ ਰਹੇ ਹਾਂ।

ਪਿਛਲੀਆਂ ਦੋ-ਤਿੰਨ ਸਦੀਆਂ ਤੋਂ ਅਸੀਂ ਤਰੱਕੀ ਦੇ ਨਾਂ ਉਪਰ ਕਿੰਨੇ ਜੰਗਲ ਤਬਾਹ ਕੀਤੇ ਹਨ, ਵਾਤਾਵਰਨ ਨੂੰ ਕਿੰਨਾ ਗੰਧਲਾ ਕੀਤਾ ਹੈ, ਕਿੰਨੇ ਤਰ੍ਹਾਂ ਦੇ ਜੰਗਲੀ ਜਾਨਵਰਾਂ ਨੂੰ ਘਰੋਂ ਬੇ-ਘਰ ਕੀਤਾ ਹੈ, ਉਨ੍ਹਾਂ ਦੀ ਕਿੰਨੀਆਂ ਪਰਜਾਤੀਆਂ ਤੱਕ ਖ਼ਤਮ ਕਰ ਦਿੱਤੀਆਂ ਹਨ ! ਜੇ ਅਸੀਂ ਕਿਸੇ ਦਾ ਘਰ ਤਬਾਹ ਕਰਾਂਗੇ ਤਾਂ ਅਸੀਂ ਖ਼ੁਦ ਕਿਵੇਂ ਸੁਰੱਖਿਅਤ ਰਹਿ ਸਕਦੇ ਹਾਂ ? ਮਾੜੇ ਕੰਮਾਂ ਦਾ ਖ਼ਮਿਆਜਾ ਤਾਂ ਫਿਰ ਸਾਨੂੰ ਭੁਗਤਣਾ ਹੀ ਪੈਣਾ ਹੈ, ਜੋ ਅਸੀਂ ਭੁਗਤ ਵੀ ਰਹੇ ਹਾਂ।



ਆਦਮੀ ਜਦੋਂ ਵੀ ਆਪਣੇ ਸੁਆਦ ਪਿਛੇ ਦੌੜਿਆ ਹੈ, ਉਸ ਨੇ ਕੁਦਰਤ ਨਾਲ ਖਿਲਵਾੜ ਹੀ ਕੀਤਾ ਹੈ, ਹਾਲਾਕਿ ਜ਼ੁਬਾਨ ਦੇ ਚਸਕੇ ਨੇ ਉਸ ਨੂੰ ਰੋਗਾਂ ਦਾ ਘਰ ਬਣਾ ਦਿੱਤਾ ਹੈ। ਜੋ ਵੰਨ-ਸੁਵੰਨੇ ਡੱਬਾ ਬੰਦ ਪਦਾਰਥ ਅੱਜ ਪਰੋਸੇ ਜਾ ਰਹੇ ਹਨ, ਉਨ੍ਹਾਂ ਬਾਰੇ ਸਾਨੂੰ ਕਿੰਨੀ ਕੁ ਜਾਣਕਾਰੀ ਹੈ ? ਉਸ ਉੱਪਰ ਜੋ ਕੁਝ ਵੀ ਲਿਖਿਆ ਹੁੰਦਾ ਹੈ ਕੀ ਉਹ ਸਭ ਸਹੀ ਹੈ ? ਜਾਂ ਵੇਚਣ ਵਾਲਿਆਂ ਦਾ ਇਸ਼ਤਿਹਾਰ, ਜੋ ਸਮੱਗਰੀ ਉਸ ਵਿਚ ਵਰਤੀ ਜਾਂਦੀ ਹੈ, ਉਸ ਬਾਰੇ ਸਾਨੂੰ ਕਿੰਨਾ ਕੁ ਗਿਆਨ ਹੈ ? ਉਹ ਸਭ ਸਾਡੇ ਸਰੀਰ ਲਈ ਕਿੰਨਾ ਕੁ ਗੁਣਕਾਰੀ ਹੁੰਦਾ ਹੈ ? ਕੀ ਉਸ ਉਪਰ ਛਾਪੀਆਂ ਤਰੀਕਾਂ ਯਕੀਨ ਯੋਗ ਹੁੰਦੀਆਂ ਹਨ ? ਅਸੀਂ ਆਪਣੇ ਚੁਫੇਰੇ ਝਾਤੀ ਮਾਰ ਸਕਦੇ ਹਾਂ, ਮੁਨਾਫ਼ੇ ਵਾਸਤੇ ਅਸੀਂ ਕੀ ਕੁਝ ਕਰ ਸਕਦੇ ਹਾਂ ?

ਪਿਛਲੀਆਂ ਇੱਕ-ਦੋ ਸਦੀਆਂ ਵਿੱਚ ਕਿੰਨੀਆਂ ਮਹਾਂਮਾਰੀਆਂ ਨੇ ਮਨੁੱਖਤਾ ਦਾ ਨੁਕਸਾਨ ਕੀਤਾ ਹੈ। ਇਸ ਸਭ ਲਈ ਅਸੀਂ ਕਿਸ ਨੂੰ ਜ਼ਿੰਮੇਵਾਰ ਮੰਨਾਗੇ ? ਇਥੇ ਵੀ ਜੇ ਸਹੀ ਪੜਚੋਲ ਕੀਤੀ ਜਾਵੇ ਤਾਂ ਹਮੇਸ਼ਾ ਮਨੁੱਖ ਨੇ ਆਪਣੀਆਂ ਗ਼ਲਤੀਆਂ ਦਾ ਖਮਿਆਜਾ ਹੀ ਭੁਗਤਿਆ ਹੈ। ਜਿੰਨਾ ਚਿਰ ਅਸੀਂ ਇਕ ਬਿਮਾਰੀ ਦਾ ਇਲਾਜ ਲੱਭਦੇ ਹਾਂ, ਉਨਾ ਚਿਰ ਕਿਸੇ ਦੂਸਰੀ ਬਿਮਾਰੀ ਦੇ ਵਾਇਰਸ ਨਾਲ ਘਿਰ ਜਾਂਦੇ ਹਾਂ। ਇਸੇ ਤਰ੍ਹਾਂ ਇਕ ਮੁੱਕੀ ਬਾਅਦ ਦੂਸਰੀ ਮੁੱਕੀ ਤਿਆਰ ਹੁੰਦੀ ਹੈ।

ਵਾਤਾਵਰਨ ਦੀ ਸੰਭਾਲ ਲਈ ਜਾਂ ਇਸ ਨੂੰ ਸਾਫ-ਸੁਥਰਾ ਅਤੇ ਜੀਉਣ ਯੋਗ ਬਣਾਉਣ ਲਈ ਅਸੀਂ ਕੀ ਕਰ ਰਹੇ ਹਾਂ ? ਪਿਛਲੇ ਹਜ਼ਾਰਾਂ ਸਾਲਾਂ ਵਿਚ ਏਨਾ ਕੂੜਾ-ਕਬਾੜ ਧਰਤੀ ਉੱਪਰ ਇਕੱਠਾ ਨਹੀਂ ਸੀ ਹੋਇਆ, ਜਿੰਨ੍ਹਾਂ ਅਸੀਂ ਪਿਛਲੇ ਪੰਜਾਹ-ਸੱਠ ਸਾਲਾਂ ਵਿਚ ਢੇਰਾਂ ਦੇ ਢੇਰ ਇਕਠਾ ਕਰ ਦਿਤਾ ਹੈ ਅਤੇ ਸਾਡੇ ਕੋਲ ਇਸ ਕਬਾੜ ਤੋਂ ਛੁਟਕਾਰਾ ਪਾਉਣ ਦਾ ਅਜੇ ਕੋਈ ਵਿਕਲਪ ਵੀ ਨਹੀਂ ਹੈ।

ਸਾਡੀ ਅਮੀਰ ਹੋਣ ਦੀ ਦੌੜ ਵੀ ਇਸ ਤਰ੍ਹਾਂ ਦੀ ਹੋ ਗਈ ਹੈ ਕਿ ਆਪਣੇ ਮੁਨਾਫ਼ੇ ਲਈ ਅਸੀਂ ਆਪਣੇ ਨਜ਼ਦੀਕੀ ਅੱਗੇ ਵੀ ਜ਼ਹਿਰ ਪਰੋਸ ਸਕਦੇ ਹਾਂ। ਕਿਸੇ ਨੂੰ ਵੀ ਬਰਬਾਦ ਕਰਨ ਲਈ ਅਸੀਂ ਕਮੀਨਗੀ ਦੀਆਂ ਸਭ ਹੱਦਾਂ ਪਾਰ ਕਰ ਸਕਦੇ ਹਾਂ। ਖਾਦਾਂ ਅਤੇ ਵੱਖ-ਵੱਖ ਤਰ੍ਹਾਂ ਦੀਆਂ ਕੀੜੇਮਾਰ ਦਵਾਈਆਂ ਨਾਲ ਅਸੀਂ ਧਰਤੀ ਨੂੰ ਬਾਂਝ ਬਣਾ ਕੇ ਰੱਖ ਦਿੱਤਾ ਹੈ। ਕੋਈ ਵੀ ਅਨਾਜ ਮਨੁੱਖ ਦੇ ਖਾਣ ਯੋਗ ਨਹੀਂ ਰਿਹਾ। ਹਰ ਕਿਸਮ ਦੀ ਮਿਲਾਵਟ ਸਾਡੇ ਮੁਨਾਫ਼ੇ ਦਾ ਹਿੱਸਾ ਬਣ ਚੁੱਕੀ ਹੈ। ਪਾਣੀ ਦਾ ਲੈਵਲ ਦਿਨ-ਬ-ਦਿਨ ਘਟ ਰਿਹਾ ਹੈ ਅਤੇ ਉਹ ਪੀਣ ਜੋਗਾ ਵੀ ਨਹੀਂ ਬਚਿਆ। ਜੇ ਇਸੇ ਰਫ਼ਤਾਰ ਨਾਲ ਪਾਣੀ ਅਤੇ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਰਿਹਾ ਤਾਂ ਇਸ ਧਰਤੀ ਉੱਪਰ ਸਿਰਫ ਆਧੁਨਿਕ ਬਿਮਾਰੀਆਂ ਅਤੇ ਉਸ ਦੇ ਵਾਇਰਸ ਹੀ ਬਚਣਗੇ, ਮਨੁੱਖ ਅਤੇ ਹੋਰ ਪਰਜਾਤੀਆਂ ਆਪਣੇ ਆਪ ਖ਼ਤਮ ਹੋ ਜਾਣਗੀਆਂ। ਮਨੁੱਖ ਨੂੰ ਜ਼ਿੰਦਾ ਰਹਿਣ ਲਈ ਸਾਫ-ਸੁਥਰਾ ਵਾਤਾਵਰਨ ਅਤੇ ਪੋਸ਼ਟਿਕ ਖੁਰਾਕ ਦੀ ਜ਼ਰੂਰਤ ਹੁੰਦੀ ਹੈ, ਪਰ ਇਸ ਵਧ ਰਹੇ ਗੰਧਲੇਪਨ ਵਿੱਚ ਕੌਣ ਕਿੰਨਾ ਕੁ ਚਿਰ ਕੱਢ ਸਕਦਾ ਹੈ ?

ਮੁਸੀਬਤ ਵੇਲੇ ਸਾਡਾ ਕੀ ਫਰਜ਼ ਬਣਦਾ ਹੈ, ਇਸ ਬਾਰੇ ਸਾਨੂੰ ਕਿੰਨਾ ਕੁ ਗਿਆਨ ਹੈ, ਮਨੁੱਖਤਾ ਨੂੰ ਬਚਾਉਣ ਲਈ ਅਸੀਂ ਕਿੰਨੀਆਂ ਫੜਾਂ ਮਾਰਦੇ ਹਾਂ, ਪਰ ਵਕਤ ਆਉਣ ਨੂੰ ਅਸੀਂ ਆਪਣੇ ਪਰਿਵਾਰ ਨੂੰ ਵੀ ਪਿੱਠ ਦਿਖਾ ਸਕਦੇ ਹਾਂ। ਸਾਡੀ ਜ਼ਮੀਰ ਨੋਟਾਂ ਅਤੇ ਰੁਤਬਿਆਂ ਦੇ ਭਾਰ ਥੱਲੇ ਦੱਬ ਕੇ ਮਰ ਚੁੱਕੀ ਹੈ। ਅੱਜ ਸਮਾਜ ਅਤੇ ਪਰਿਵਾਰ ਵੀ ਸਾਨੂੰ ਵਧੀਆ ਜੀਉਣ ਲਈ ਕੁਝ ਨਹੀਂ ਸਿਖਾਉਂਦਾ, ਹਰ ਔਖਿਆਈ ਵੇਲੇ ਅਸੀਂ ਆਸਰੇ ਲੱਭਣ ਲੱਗ ਪੈਂਦੇ ਹਾਂ। ਸਕੂਲਾ ਵਿਚ ਵੀ ਸਾਨੂੰ ਸਿਰਫ ਸਿਲੇਬਸ ਹੀ ਪੜ੍ਹਾਇਆ ਜਾਂਦਾ ਹੈ। ਸਹੀ ਅਤੇ ਨਿਰੋਗ ਜ਼ਿੰਦਗੀ ਜੀਉਣ ਲਈ ਸਾਡੇ ਕੋਲ ਕੋਈ ਵੱਖਰਾ ਸਿਲੇਬਸ ਨਹੀਂ ਹੁੰਦਾ। ਮਾਂ-ਬਾਪ ਅਤੇ ਅਧਿਆਪਕ ਵੀ ਬੱਚੇ ਨੂੰ ਨੌਕਰੀ ਪ੍ਰਾਪਤ ਕਰਨ ਦੇ ਟੀਚੇ ਤੋਂ ਵੱਧ ਪੜ੍ਹਾਉਣ ਦੇ ਹੱਕ ਵਿਚ ਨਹੀਂ ਹੁੰਦੇ।

ਸਿਰਫ਼ ਪਰਿਵਾਰ ਅਤੇ ਸਕੂਲ ਹੀ ਇਕੱਲੇ ਕਸੂਰਵਾਰ ਨਹੀਂ ਹਨ, ਸਾਡਾ ਸਿਸਟਮ ਹੀ ਇਸ ਤਰ੍ਹਾਂ ਦਾ ਬਣ ਚੁੱਕਾ ਹੈ ਕਿ ਹਰ ਕੋਈ ਆਮ ਲੋਕਾਂ ਨੂੰ ਇੱਕ ਹੱਦ ਤੱਕ ਸੀਮਤ ਰੱਖਣ ਦੀ ਕੋਸ਼ਿਸ਼ ਹੀ ਕਰਦਾ ਹੈ। ਸਰਕਾਰਾਂ ਵੀ ਆਮ ਜਨਤਾ ਲਈ ਰੁਜ਼ਗਾਰ ਪੈਦਾ ਕਰਨ ਲਈ ਜਿਆਦਾ ਦਿਲਚਸਪੀ ਨਹੀਂ ਲੈਂਦੀਆਂ। ਮਾੜੇ ਸਿਸਟਮ ਕਰਕੇ ਹੀ ਲੋਕ ਇਮਾਨਦਾਰੀ, ਸੇਵਾ ਭਾਵਨਾ, ਨੈਤਿਕਤਾ ਅਤੇ ਸਹੀ ਜੀਵਨ ਸੋਚ ਨੂੰ ਸਿਰਫ਼ ਕਿਤਾਬੀ ਗੱਲਾਂ ਹੀ ਸਮਝਦੇ ਹਨ। ਸਮਾਜ ਨੂੰ ਇਸ ਤਰ੍ਹਾਂ ਦੇ ਪੁਰਜੇ ਬਣਾਉਣੇ ਚਾਹੀਦੇ ਹਨ ਜੋ ਹਰ ਥਾਂ ਕੰਮ ਆ ਸਕਣ, ਪਰ ਅਸੀਂ ਆਪਣੇ ਬੱਚਿਆਂ ਨੂੰ ਇਸ ਤਰ੍ਹਾਂ ਦੇ ਪੁਰਜੇ ਬਣਾ ਰਹੇ ਹਾਂ ਜੋ ਕਿੱਧਰੇ ਵੀ ਫਿੱਟ ਨਹੀਂ ਹੁੰਦੇ। ਜ਼ਿਆਦਾਤਰ ਲੋਕ ਲਾਲਚਵਸ ਦੂਸਰਿਆਂ ਲਈ ਮੁਸੀਬਤਾਂ ਹੀ ਖੜ੍ਹੀਆਂ ਕਰਨੀਆਂ ਜਾਣਦੇ ਹਨ। ਜੋ ਦੇਸ਼ ਅਤੇ ਸਰਕਾਰਾਂ ਆਪਣੇ ਲੋਕਾਂ ਲਈ ਰੁਜ਼ਗਾਰ ਪੈਦਾ ਕਰਨ ਬਾਰੇ ਵੀ ਝੂਠ ਬੋਲ ਸਕਦੀਆਂ ਹਨ, ਉਨ੍ਹਾਂ ਬਾਰੇ ਕੀ ਕਿਹਾ ਜਾ ਸਕਦਾ ਹੈ ? ਹਰ ਬੰਦੇ, ਸਮਾਜ ਅਤੇ ਦੇਸ਼ ਲਈ ਪੈਸਾ ਹੀ ਅਹਿਮ ਹੋ ਕੇ ਰਹਿ ਗਿਆ ਹੈ। ਸਿਰਫ਼ ਪੈਸੇ ਨਾਲ ਹੀ ਤਾਂ ਹਰ ਕੋਈ ਤਾਕਤਵਰ ਨਹੀਂ ਬਣਦਾ। ਲੋਕਾਂ ਦੀ ਸਿਆਣਪ ਅਤੇ ਦੇਸ਼ ਪ੍ਰਤੀ ਕੁਰਬਾਨੀ ਦਾ ਜਜ਼ਬਾ ਰੱਖਣ ਵਾਲੇ ਲੋਕ ਹੀ ਦੇਸ਼ ਨੂੰ ਤਾਕਤਵਰ ਬਣਾਉਂਦੇ ਹਨ। ਮੁਸ਼ਕਿਲ ਵੇਲੇ ਦੇਸ਼ ਅਤੇ ਲੋਕਾਂ ਲਈ ਖੜ੍ਹੇ ਹੋਣ ਵਾਲੇ ਸੂਰਮੇ ਹੀ ਦੇਸ਼ ਦਾ ਅਸਲੀ ਸਰਮਾਇਆ ਸਿੱਧ ਹੁੰਦੇ ਹਨ। ਯੁੱਧ ਵਿੱਚ ਸਲਾਹ ਦੇਣ ਵਾਲਿਆਂ ਨਾਲੋਂ ਸਾਥ ਦੇਣ ਵਾਲਿਆਂ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ। ਮਸ਼ਵਰਿਆਂ ਨਾਲੋਂ ਹਥਿਆਰ ਜ਼ਿਆਦਾ ਕਾਰਗਰ ਹੁੰਦੇ ਹਨ। ਵਧੀਆ ਸੋਚ ਹੀ ਵਧੀਆ ਸਮਾਜ ਉਸਾਰ ਸਕਦੀ ਹੈ। ਅੱਜ ਸਮਾਜ ਦੇ ਸਿਸਟਮ ਨੂੰ ਬਦਲਣ ਦੀ ਜ਼ਰੂਰਤ ਹੈ। ਅੱਜ ਨੌਕਰੀਆਂ ਲੱਭਣ ਵਾਲੇ ਜ਼ਿਆਦਾ ਹਨ, ਨੌਕਰੀਆਂ ਪੈਦਾ ਕਰਨ ਵਾਲੇ ਘੱਟ, ਜਦਕਿ ਰੋਜ਼ਗਾਰ ਪੈਦਾ ਕਰਨ ਨਾਲ ਹੀ ਦੇਸ਼ ਸੰਚਾਰੂ ਢੰਗ ਨਾਲ ਅੱਗੇ ਵਧ ਸਕਦਾ ਹੈ। ਅਸੀਂ ਏਨਾ ਚਿਰ ਗੁਲਾਮੀ ਕਿਉਂ ਕਟੀ ? ਇਸ ਬਾਰੇ ਸੋਚਣਾ ਬਹੁਤ ਜ਼ਰੂਰੀ ਹੈ। ਸ਼ੁਰੂ ਤੋਂ ਹੀ ਅਸੀਂ ਆਪਸੀ ਫੁੱਟ, ਝਗੜੇ ਅਤੇ ਇੱਕ ਦੂਸਰੇ ਨੂੰ ਨੀਵਾਂ ਦਿਖਾਉਣ ਵਿੱਚ ਹੀ ਉਲਝੇ ਰਹੇ ਹਾਂ। ਸਾਡੇ ਦੇਸ਼ ਵਿਚ ਹਮੇਸ਼ਾਂ ਗ਼ਦਾਰਾਂ ਦੀ ਬਹੁਤਾਤ ਰਹੀ ਹੈ। ਸਾਨੂੰ ਹਰਾਉਣ ਲਈ ਬਾਹਰਲੇ ਦੁਸ਼ਮਣਾਂ ਨਾਲੋਂ ਅੰਦਰਲੇ ਦੁਸ਼ਮਣਾਂ ਨੇ ਹੀ ਜ਼ਿਆਦਾ ਯੋਗਦਾਨ ਪਾਇਆ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਸ਼ਾਸ਼ਕ ਅਤੇ ਜਨਤਾ ਦੇ ਸੰਬੰਧਾਂ ਵਿਚ ਕੜਵਾਹਟ ਅਤੇ ਬੇਯਕੀਨੀ ਨੂੰ ਹੀ ਮੰਨਿਆ ਜਾ ਸਕਦਾ ਹੈ। ਜ਼ਿਆਦਾਤਰ ਸ਼ਾਸ਼ਕਾਂ ਨੇ ਗੱਦੀ ਉੱਪਰ ਬੈਠ ਕੇ ਲੋਕਾਂ ਨੂੰ ਆਪਣੀ ਜਨਤਾ ਹੀ ਨਹੀਂ ਸਮਝਿਆ ਅਤੇ ਉਨ੍ਹਾਂ ਉੱਪਰ ਹਰ ਤਰ੍ਹਾਂ ਦੇ ਜ਼ੁਲਮ ਵੀ ਕੀਤੇ ਸਨ। ਇਸ ਤਰ੍ਹਾਂ ਜਦੋਂ ਵੀ ਕੋਈ ਬਾਹਰੀ ਹਮਲਾ ਹੁੰਦਾ ਰਿਹਾ ਤਾਂ ਜਨਤਾ ਵਧੀਆ ਸ਼ਾਸ਼ਕ ਲੱਭਣ ਲਈ ਬਾਹਰਲਿਆਂ ਦਾ ਸਾਥ ਦੇਣ ਨੂੰ ਪਹਿਲ ਦੇਂਦੀ ਰਹੀ ਹੈ। ਇਤਿਹਾਸ ਵਿਚ ਵਧੀਆ ਸ਼ਾਸ਼ਕ ਕਿੰਨੇ ਕੁ ਹੋਏ ਹਨ ?



ਖ਼ੈਰ ! ਅੱਜ ਦਾ ਵਿਸ਼ਾ ਸਾਡੀ ਵਾਤਾਵਰਨ ਪੱਖੋਂ ਹੋ ਰਹੀ ਹਾਰ ਦਾ ਹੈ। ਇਥੇ ਵੀ ਸਾਡੇ ਲਾਲਚ ਨੇ ਹੀ ਸਾਡੀ ਪਿੱਠ ਲਵਾਈ ਹੈ। ਜੰਗਲਾਂ ਦੀ ਬੇਰਹਿਮੀ ਨਾਲ ਕਟਾਈ ਅਤੇ ਹੋਰ ਕੁਦਰਤੀ ਸਰੋਤਾਂ ਦੀ ਤਬਾਹੀ ਨੇ ਹੀ ਸਾਡੀਆਂ ਮੁਸ਼ਕਿਲਾਂ ਵਧਾਈਆਂ ਹਨ। ਆਲਮੀ ਤਪਸ਼ ਦੇ ਮੌਸਮ ਵਿਚ ਅਸੀਂ ਛਾਂਦਾਰ ਰੁੱਖਾਂ ਤੋਂ ਵਾਂਝੇ ਹੋ ਗਏ ਹਾਂ। ਅੱਜ ਅਸੀਂ ਖੁਸ਼ਬੂਦਾਰ ਅਤੇ ਵਧੀਆ ਦਿੱਖ ਵਾਲੇ ਬੂਟਿਆਂ ਨੂੰ ਹੀ ਤਰਜੀਹ ਦੇ ਰਹੇ ਹਾਂ। ਪਰ ਛਾਵਾਂ ਵੱਢ ਕੇ ਅਸੀਂ ਨਿਰੀ ਖੂਬਸੂਰਤੀ ਨੂੰ ਕੀ ਕਰਾਂਗੇ ? ਖੁਸ਼ਬੂ ਵੀ ਠੰਡੀ ਛਾਂ ਹੇਠ ਬੈਠ ਕੇ ਹੀ ਚੰਗੀ ਲੱਗਦੀ ਹੈ। ਜੰਗਲਾਂ ਦਾ ਖਾਤਮਾ ਅਤੇ ਕੁਦਰਤ ਦੀ ਬਰਬਾਦੀ ਨੇ ਸਾਰਾ ਸਾਲ ਪਾਣੀ ਦੇਣ ਵਾਲੇ ਦਰਿਆ ਵੀ ਸੁਕਾ ਦਿਤੇ ਹਨ। ਧਰਤੀ ਲੱਗਪਗ ਬੰਜਰ ਹੋਣ ਕਿਨਾਰੇ ਹੋ ਗਈ ਹੈ। ਨਦੀਆਂ ਦੇ ਜਲਜੀਵ ਅਤੇ ਜੰਗਲਾਂ ਦੇ ਜਾਨਵਰ ਦਿਨੋ-ਦਿਨ ਅਲੋਪ ਹੋ ਰਹੇ ਹਨ। ਪੀਣ ਵਾਲਾ ਪਾਣੀ ਵੀ ਮੁੱਲ ਵਿਕਣ ਲੱਗ ਪਿਆ ਹੈ। ਆਰ. ਓ. ਅਤੇ ਮਿਨਰਲ ਦੀਆਂ ਬੋਤਲਾਂ ਕਿੰਨੇ ਕੁ ਲੋਕਾਂ ਦੀ ਪਹੁੰਚ ਵਿਚ ਹੁੰਦੀਆਂ ਹਨ। ਇਸ ਤਰ੍ਹਾਂ ਦੇ ਹਾਲਾਤ ਵਿਚ ਆਮ ਜਨਤਾ ਕਿਸ ਤਰ੍ਹਾਂ ਆਪਣੇ ਜੀਵਨ ਦਾ ਬਸਰ ਕਰੇਗੀ ? ਸਾਨੂੰ ਆਪਣੇ ਜੀਉਣ ਦੇ ਢੰਗ-ਤਰੀਕੇ ਬਦਲ ਕੇ ਆਪਣੀਆਂ ਫਾਲਤੂ ਰੀਝਾਂ ਤੋਂ ਤੋਬਾ ਕਰਨੀ ਚਾਹੀਦੀ ਹੈ। ਜੋ ਤਬਾਹੀ ਸਾਡੀਆਂ ਪਹਿਲੀਆਂ ਪੀੜ੍ਹੀਆਂ ਨੇ ਕੀਤੀ ਹੈ, ਉਸ ਉੱਪਰ ਰੋਕ ਲਾਉਣ ਦਾ ਵਕਤ ਆ ਗਿਆ ਹੈ। ਜੰਗਲ ਸਾਫ਼ ਕਰਕੇ ਬਹੁ-ਮੰਜ਼ਲੀਆਂ ਇਮਾਰਤਾਂ ਅਤੇ ਵੱਡੇ-ਵੱਡੇ ਮਾਲ ਉਸਾਰਨ ਨਾਲ ਵਾਤਾਵਰਨ ਨੂੰ ਹੋ ਰਹੇ ਨੁਕਸਾਨ ਬਾਰੇ ਵੀ ਸੋਚਣ ਦੀ ਜ਼ਰੂਰਤ ਹੈ। ਮੌਸਮ ਦੇ ਬਦਲਾਅ ਕਰਕੇ ਤਬਾਹ ਹੋ ਰਹੀਆਂ ਫਸਲਾਂ ਦਾ ਹੱਲ ਲੱਭਣਾ ਵੀ ਜ਼ਰੂਰੀ ਹੈ। ਜਿਸ ਕਾਰਨ ਵਾਤਾਵਰਨ ਅਤੇ ਮਨੁੱਖਤਾ ਦਾ ਨੁਕਸਾਨ ਹੋ ਰਿਹਾ ਹੈ, ਉਸ ਦਾ ਵੀ ਵਿਕਲਪ ਲੱਭਣ ਦਾ ਹੀਲਾ ਕਰਨਾ ਪਵੇਗਾ।

ਇਕ ਵਕਤ ਸੀ ਜਦੋਂ ਚਾਰ-ਪੰਜ ਪਿੰਡਾਂ ਨੂੰ ਸੰਭਾਲਣ ਲਈ ਇਕ ਡਾਕਟਰ ਕਾਫੀ ਹੁੰਦਾ ਸੀ, ਅੱਜ ਮਲਟੀਪਰਪਜ ਹਸਪਤਾਲਾਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਹੈ, ਪਰ ਆਮ ਜਨਤਾ ਰੋਗਾਂ ਦੀ ਪੰਡ ਚੁੱਕੀ ਫਿਰਦੀ ਹੈ। ਏਨੀਆਂ ਸੁਖ-ਸਹੂਲਤਾਂ ਹੋਣ ਦੇ ਬਾਵਜੂਦ ਵੀ ਨਾ ਬੰਦੇ ਨੂੰ ਦਿਨੇ ਚੈਨ ਹੈ ਅਤੇ ਨਾ ਰਾਤ ਨੂੰ ਨੀਂਦ। ਇਸ ਸਭ ਲਈ ਅਸੀਂ ਆਪਣੇ ਰਹਿਣ-ਸਹਿਣ ਦੇ ਢੰਗ-ਤਰੀਕੇ ਨਾਲੋਂ ਕਿਸੇ ਦੂਸਰੇ ਨੂੰ ਕਿਵੇਂ ਦੋਸ਼ ਦੇ ਸਕਦੇ ਹਾਂ ?


ਮਨੁੱਖਤਾ ਨੂੰ ਸਿੱਧੇ ਰਸਤੇ ਪਾਉਣ ਲਈ ਅਤੇ ਇਨਸਾਨ ਨੂੰ ਵਧੀਆ ਮਨੁੱਖ ਬਣਾਉਣ ਲਈ ਅਸਾਂ ਧਰਮ ਨੂੰ ਹੋਂਦ ਵਿਚ ਲਿਆਂਦਾ। ਹੌਲੀ-ਹੌਲੀ ਸਾਡੇ ਵਿਚੋਂ ਕੁਝ ਹੋਰ ਸਿਆਣਿਆਂ ਨੇ ਹੋਰ ਧਰਮਾਂ ਦੀ ਲੜੀ ਅੱਗੇ ਤੋਰ ਦਿਤੀ। ਫੇਰ ਹਰ ਧਰਮ ਦੇ ਪੈਰੋਕਾਰਾਂ ਨੇ ਆਪਣੇ ਧਰਮ ਨੂੰ ਵਧੀਆ ਧਰਮ ਸਾਬਿਤ ਕਰਨ ਲਈ, ਦੂਸਰੇ ਧਰਮਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿਤਾ ਅਤੇ ਉਥੋਂ ਹੀ ਦੁਨੀਆਂ ਵਿਚ ਧਾਰਮਿਕ ਦੁਸ਼ਮਣੀਆਂ ਸ਼ੁਰੂ ਹੋ ਗਈਆਂ। ਜੋ ਧਰਮ ਸਾਨੂੰ ਸਿੱਧੇ ਰਾਹ ਪਾਉਣ ਲਈ ਅਤੇ ਰੱਬ ਨੂੰ ਮਿਲਾਉਣ ਲਈ ਬਣਾਏ ਗਏ ਸਨ, ਅੱਜ ਉਹ ਸਾਨੂੰ ਇਕ-ਦੂਸਰੇ ਨੂੰ ਮਾਰ-ਮੁਕਾਉਣ ਦਾ ਰਾਹ ਦੱਸ ਰਹੇ ਹਨ।

ਕੁਦਰਤ ਦੀ ਕਰੋਪੀ ਨੇ ਅੱਜ ਸਾਡਾ ਕੀ ਹਾਲ ਕਰ ਦਿੱਤਾ ਹੈ ? ਇੱਕ ਨਿੱਕਾ ਜਿਹਾ ਵਾਇਰਸ ਵੀ ਸਾਰੀ ਦੁਨੀਆਂ ਨੂੰ ਅੱਗੇ ਲਾ ਲੈਂਦਾ ਹੈ ਅਤੇ ਅਸੀਂ ਆਪਣੇ ਘੋਰਨਿਆਂ ਵਿਚ ਵੜ ਕੇ ਆਪਣੇ ਜੀਵਨ ਲਈ ਪ੍ਰਾਰਥਨਾ ਕਰਨ ਲੱਗ ਪੈਂਦੇ ਹਾਂ। ਅਸੀਂ ਕਿਉਂ ਭੁੱਲ ਜਾਂਦੇ ਹਾਂ ਕਿ ਇਹ ਧਰਤੀ ਜਿੰਨੀ ਸਾਡੀ ਹੈ, ਉਨੀ ਹੀ ਪੰਛੀਆਂ, ਪੇੜ-ਪੌਦਿਆਂ, ਜਾਨਵਰਾਂ, ਹਵਾ-ਪਾਣੀ ਅਤੇ ਧਰਤੀ ਉੱਪਰ ਵਿਚਰਦੇ ਹਰ ਅਣੂ ਦੀ ਵੀ ਹੈ। ਅਸੀਂ ਸਾਰੇ ਹੀ ਕੁਦਰਤ ਦੀ ਔਲਾਦ ਹਾਂ। ਮਾੜਾ-ਮੋਟਾ ਗਿਆਨ ਹਾਸਲ ਕਰਕੇ ਜਦੋਂ ਇਨਸਾਨ ਆਪਣੇ ਆਪ ਨੂੰ ਕੁਦਰਤ ਤੋਂ ਵੀ ਉੱਪਰ ਸਮਝਣ ਦਾ ਭਰਮ ਪਾਲ ਲੈਂਦਾ ਹੈ ਤਾਂ ਕੁਦਰਤ ਨੂੰ ਵੀ ਆਪਣਾ ਰੰਗ ਵਿਖਾਉਣਾ ਪੈਂਦਾ ਹੈ।

ਮੌਜੂਦਾ ਸਥਿਤੀ ਬਾਰੇ ਭਾਵੇਂ ਅਸੀਂ ਕਿਸੇ ਇਨਸਾਨ ਦਾ ਨਾਂ ਲਾਈਏ ਜਾਂ ਕਿਸੇ ਬਿਮਾਰੀ ਦਾ, ਅਸਲ ਵਿਚ ਤਾਂ ਸਾਡੀਆਂ ਗ਼ਲਤੀਆਂ ਕਰਕੇ ਹੀ ਕੁਦਰਤ ਨੂੰ ਇਹ ਰੂਪ ਧਾਰਨ ਲਈ ਮਜਬੂਰ ਹੋਣਾ ਪਿਆ ਹੈ। ਇਹ ਪਹਿਲੀ ਵਾਰ ਨਹੀਂ ਹੋਇਆ ਕਿ ਅਸੀਂ ਕਿਸੇ ਮਹਾਂਮਾਰੀ ਦਾ ਸਾਹਮਣਾ ਕਰ ਰਹੇ ਹਾਂ। ਅਸੀਂ ਜਦੋਂ ਵੀ ਕੁਦਰਤ ਨੂੰ ਆਪਣਾ ਗ਼ੁਲਾਮ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਤਾਂ ਸਾਨੂੰ ਮੂੰਹ ਦੀ ਖਾਣੀ ਪਈ ਹੈ। ਜੇ ਸਾਨੂੰ ਅਜੇ ਵੀ ਸਮਝ ਨਾ ਆਈ ਅਤੇ ਅਸੀਂ ਕੁਦਰਤ ਨੂੰ ਆਪਣੇ ਤਜ਼ਰਬਿਆਂ ਦੀ ਪ੍ਰਯੋਗਸ਼ਾਲਾ ਬਣਾਉਣਾ ਬੰਦ ਨਾ ਕੀਤਾ ਤਾਂ ਫੇਰ ਪਹਿਲਾਂ ਵਰਗੀਆਂ ਤਬਾਹੀਆਂ ਆਉਣੀਆਂ ਲਾਜ਼ਮੀ ਹਨ ਅਤੇ ਕੁਦਰਤ ਨੂੰ ਫਿਰ ਤੋਂ ਇਸ ਤਰ੍ਹਾਂ ਦੀ ਦੁਨੀਆਂ ਸਿਰਜਣ ਲਈ ਹਜ਼ਾਰਾਂ-ਕਰੋੜ ਸਾਲ ਲੱਗ ਸਕਦੇ ਹਨ।

ਚਲੋ, ਹੰਭਲਾ ਮਾਰੀਏ ਅਤੇ ਕੁਦਰਤ ਨੂੰ ਸਜਾਉਣ-ਸੁਆਰਨ ਲਈ ਇਕ ਜੁੱਟ ਹੋ ਜਾਈਏ। ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਕੁਦਰਤ ਨਾਲ ਦੁਸ਼ਮਣੀ ਸਾਨੂੰ ਵਕਤ ਨਾਲੋਂ ਪਹਿਲਾ ਖ਼ਤਮ ਕਰ ਸਕਦੀ ਹੈ।

**ਇਕ ਵਕਤ ਸੀ ਜਦੋਂ ਚਾਰ-ਪੰਜ ਪਿੰਡਾਂ ਨੂੰ ਸੰਭਾਲਣ ਲਈ ਇਕ ਡਾਕਟਰ ਕਾਫੀ ਹੁੰਦਾ ਸੀ, ਅੱਜ ਮਲਟੀਪਰਪਜ ਹਸਪਤਾਲਾਂ ਦੀ ਗਿਣਤੀ ਦਿਨੋਂ-ਦਿਨ ਵਧ ਰਹੀ ਹੈ, ਪਰ ਆਮ ਜਨਤਾ ਰੋਗਾਂ ਦੀ ਪੰਡ ਚੁੱਕੀ ਫਿਰਦੀ ਹੈ। ਏਨੀਆਂ ਸੁਖ-ਸਹੂਲਤਾਂ ਹੋਣ ਦੇ ਬਾਵਜੂਦ ਵੀ ਨਾ ਬੰਦੇ ਨੂੰ ਦਿਨੇ ਚੈਨ ਹੈ ਅਤੇ ਨਾ ਰਾਤ ਨੂੰ ਨੀਂਦ। ਇਸ ਸਭ ਲਈ ਅਸੀਂ ਆਪਣੇ ਰਹਿਣ-ਸਹਿਣ ਦੇ ਢੰਗ-ਤਰੀਕੇ ਨਾਲੋਂ ਕਿਸੇ ਦੂਸਰੇ ਨੂੰ ਕਿਵੇਂ ਦੋਸ਼ ਦੇ ਸਕਦੇ ਹਾਂ ?**





ਲੜੀਵਾਰ...
ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼


## ਸਭੁ ਦੇਸੁ ਪਰਾਇਆ
(ਸਵੈ-ਜੀਵਨੀ)

# ਮੇਰੀਆਂ ਪ੍ਰਕਾਸ਼ਤ ਹੋਈਆਂ ਕਿਤਾਬਾਂ


ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਮੇਰੀ ਪਹਿਲੀ ਕਿਤਾਬ ਫੁੱਲਾਂ ਵਰਗੇ ਸਾਹ 1969 ਵਿੱਚ ਛਪੀ। ਦੂਸਰੀ ''ਮਨ ਤੂੰ ਜੋਤਿ ਸਰੂਪ ਹੈ'' 1975 ਵਿੱਚ ਜਿਸਦਾ ਅਮੁੱਖ ਪ੍ਰਿੰਸੀਪਲ ਹਰਿਭਜਨ ਸਿੰਘ ਜੀ (ਭਾਈ ਸਾਹਿਬ ਚੰਡੀਗੜ੍ਹ ਵਾਲੇ) ਨੇ ਲਿਖਿਆ ਤੇ ਢੱਰੱਰਦ, ਮੇਰੇ ਕਰਨਲ੍ .ਖ. ਸ਼ਨਿਗਹ (ਮਹਾਵੀਰ ਚੱਕਰ) ਨੇ ਲਿਖਿਆ। ਇਹ ਧਾਰਮਿਕ ਲੇਖਾਂ ਦੀ ਪੁਸਤਕ ਹੈ। ਦੂਜੀ ਇਤਿਹਾਸਕ ਲੇਖਾਂ ਦੀ ''ਕਲੂਮਹਿ ਸਾਕਾ'' ਜਿਸ ਦੀ ਤੀਸਰੀ ਐਡੀਸ਼ਨ 2018 ਵਿੱਚ ਛਪੀ ਹੈ। ਦੋ ਧਾਰਮਿਕ ਗੀਤਾਂ ਦੀਆਂ ''ਨੂਰੀ ਕਿਰਨਾਂ'' ਤੇ "ਤੇਰੀਆਂ ਧੰਨ ਕੁਰਬਾਨੀਆਂ'' ਉਦੋਂ ਤੱਕ ਛੱਪ ਚੁੱਕੀਆਂ ਸਨ ਜਦੋਂ ਮੈਂ ਸਿਕ ਲੀਵ ਕੱਟ ਕੇ ਧਰਮਸ਼ਾਲਾ ਪੁੱਜਾ ਤਾਂ ਪਲਟਨ ਦੀ ਬਦਲੀ ''ਕੱਪੂ ਵਾੜਾ'' ਸੈਕਟਰ ਵਿੱਚ (ਸਿਰੀ ਨਗਰ) ਦੇ ਆਰਡਰ ਆ ਗਏ ਸਨ। ਭਾਵੇਂ ਮੈਡੀਕਲ ਤੌਰ ਤੇ ਮੈਂ ਅਨਫਿੱਟ ਸਾਂ ਪਹਾੜਾਂ ਤੇ ਜਾਣ ਲਈ। ਪਰ ਕਰਨਲ ਬਰਾੜ ਸਾਹਿਬ ਕਹਿੰਦੇ ਕਿ ਉਹ ਜਗ੍ਹਾ ਜਿੱਥੇ ਪਲਟਨ ਨੇ ਟਿਕਣਾ ਹੈ ਬਹੁਤ ਹੀ ਸੁੰਦਰ ਤੇ ਪੱਧਰਾ ਮੈਦਾਨੀ ਇਲਾਕਾ ਹੈ। ਉਨ੍ਹਾਂ ਦੇ ਜ਼ੋਰ ਦੇਣ ਤੇ ਮੈਂ ਪਲਟਨ ਦੇ ਨਾਲ ਚਲਾ ਗਿਆ। ਸਚਮੁੱਚ ਹੀ ਬਹੁਤ ਸੁੰਦਰ ਅਸਥਾਨ ਸੀ। ਕੱਪੂ ਵਾੜਾ ਤੇ ਸਿਵਲੀਅਨਾਂ ਨਾਲ ਬਹੁਤ ਹੀ ਪਿਆਰ ਪੈ ਗਿਆ। ਸ਼ਹਿਰ ਦੇ ਗੁਰਦੁਆਰੇ ਕੀਰਤਨ ਕਰਨਾ ਸਾਰੰਗੀ ਨਾਲ ਸੰਗਤਾਂ ਨੇ ਬਹੁਤ ਹੀ ਖੁਸ਼ ਹੋਣਾ। ਇਸ ਇਲਾਕੇ ਵਿੱਚ ਗੁਫਾਵਾਂ ਵਿੱਚ ਰਹਿੰਦੇ ਕਈ ਸਾਧੂਆਂ ਨੂੰ ਮਿਲਣ ਦਾ ਸੁਭਾਗ ਵੀ ਮਿਲਿਆ ਤੇ ਮਨ ਦੀ ਇਕਾਗਰਤਾ ਵਿੱਚ ਵੀ ਵਾਧਾ ਹੋਇਆ। ਕੱਪੂ ਵਾੜਾ ਵਿੱਚ ਸੋਹਣੇ ਦਿਨ ਲੰਘ ਰਹੇ ਸਨ ਕਿ 15 ਅਗਸਤ 1980 ਨੂੰ ਸ਼ਾਮ ਵੇਲੇ ਫਿਰ ਛਾਤੀ ਵਿੱਚ ਦਰਦ ਉਠਿਆ। ਉਸੇ ਵੇਲੇ ਮੈਨੂੰ ਸਿਰੀ ਨਗਰ ਮਿਲਟਰੀ ਹਸਪਤਾਲ ਵਿੱਚ ਭੇਜ ਦਿੱਤਾ। ਟੈਸਟ ਹੋਏ, ਇਲਾਜ ਵੀ ਹੋਇਆ ਪਰ ਹਾਰਟ ਦੀ ਬਿਮਾਰੀ ਕਰਕੇ ਮੈਨੂੰ ਪਰਮਾਨੈਂਟ ਕੈਟਾਗਰੀ ਛ (ਸੀ) ਕਰ ਦਿੱਤਾ। ਹੁਣ ਅੱਗੇ ਪਰਮੋਸ਼ਨ ਹੋਣ ਦਾ ਸਵਾਲ ਹੀ ਨਹੀਂ ਸੀ। ਮੈਂ ਮੁੜ ਸੈਂਟਰ ਵਿੱਚ ਆ ਗਿਆ। ਡਿਊਟੀ ਤੇ ਮੇਰੀ ਕੋਈ ਹੁੰਦੀ ਨਹੀਂ ਸੀ ਕਿਉਂਕਿ ਸੈਂਟਰ ਦੇ ਗਿਆਨੀ ਜੀ ਕੁਲਦੀਪ ਸਿੰਘ ਮੀਲੂ ਹੈ ਸਨ। ਇਸ ਲਈ ਇਹ ਸਮਾਂ ਪੜ੍ਹਨ ਵਿੱਚ ਲਾਇਆ। ਉਨ੍ਹੀ ਦਿਨੀ ਕੈਨੇਡਾ ਦੇ ਸ਼ਹਿਰ ਕੁਨੈਲ (ਬੀ.ਸੀ) ਤੋਂ ਇੱਕ ਇਸ਼ਤਿਹਾਰ ਅਜੀਤ ਅਖਬਾਰ ਵਿੱਚ ਛਪਿਆ ਕਿ ਉਨ੍ਹਾਂ ਨੂੰ ਗੁਰੂ ਘਰ ਵਿਖੇ ਗਰੰਥੀ ਦੀ ਲੋੜ ਹੈ। ਚਾਹਵਾਨ ਸੱਜਣ ਇਸ ਪਤੇ ਤੇ ਅਪਲਾਈ ਕਰ ਸਕਦੇ ਹਨ। ਉਸ ਵੇਲੇ ਕੁਨੈਲ ਗੁਰੂ ਘਰ ਦੇ ਸੈਕਟਰੀ ਅਵਤਾਰ ਸਿੰਘ ਜੀ ਬਾਗੜੀ ਸਨ। ਮੈਂ ਵੀ ਉਥੋਂ (ਰਾਮਗੜ੍ਹ ਕੈਂਟ) ਦਰਖਸਤ ਤੇ ਇੱਕ ਆਪਣੀ ਛਪੀ ਹੋਈ ਕਿਤਾਬ, ''ਮਨ ਤੂੰ ਜੋਤਿ ਸਰੂਪ ਹੈ'' ਭੇਜ ਦਿੱਤੀ।










ਮਹੀਨੇ ਕੁ ਬਾਦ ਸ੍:ਅਵਤਾਰ ਸਿੰਘ ਬਾਗੜੀ ਦਾ ਪੱਤਰ ਮੈਨੂੰ ਪਿੰਡ (ਹੀਂਗਾਖੇੜੀ, ਕੁਰਕਸ਼ੇਤਰ) ਦੇ ਪਤੇ ਤੇ ਮਿਲਿਆ। ਉਨ੍ਹਾਂ ਲਿਖਿਆ ਸੀ ਕਿ ਸਾਡੇ ਕੋਲ 100 ਤੋਂ ਵੱਧ ਦਰਖਾਸਤਾਂ ਪੁੱਜੀਆਂ ਨੇ। ਉਨ੍ਹਾਂ ਵਿਚੋਂ 11 (ਗਿਆਰਾਂ) ਉਮੀਦਵਾਰ ਅਸੀਂ ਚੁਣੇ ਹਨ, ਜਿਨ੍ਹਾਂ ਵਿੱਚ ਆਪ ਵੀ ਹੋ। ਤੁਸੀਂ ਆਪਣੀਆਂ ਸ਼ਰਤਾਂ ਲਿਖਕੇ ਭੇਜੋ ਕਿ ਕੀ ਕੀ ਚਾਹੁੰਦੇ ਹੋ। ਮੈਂ ਇਸਦਾ ਉੱਤਰ ਬੜਾ ਰੁੱਖਾ ਜਿਹਾ ਦਿੱਤਾ ਕਿ ਤਨਖਾਹ ਯੋਗਤਾ ਦੇ ਹਿਸਾਬ ਦੇ ਦਿਓ। ਪਰ ਮੈਂ ਹਰ ਇੱਕ ਨੂੰ ਜਵਾਬ ਦੇਹ ਨਹੀਂ ਹੋਵਾਂਗਾ। ਕਮੇਟੀ ਵਿਚੋਂ ਇੱਕ ਬੰਦਾ ਮੇਰੇ ਕੰਮ ਵਿੱਚ ਕਮੀ ਜਾਂ ਬੋਲਚਾਲ ਵਿੱਚ ਕੋਈ ਗੁਸਤਾਖੀ ਹੋਵੇ ਤਾਂ ਉਸ ਬਾਰੇ ਗੱਲ ਕਰ ਸਕਦਾ ਹੈ। ਕੁਨੈਲ ਦੀ ਗਰੂ ਘਰ ਦੀ ਕਮੇਟੀ ਨੇ ਮੈਨੂੰ ਰੀਜੈਕਟ ਕਰ ਦਿੱਤਾ ਤੇ ਇੱਕ ਰੇਡੀਓ ਸਿੰਗਰ ਸ਼ਾਇਦ ਕੁਲਦੀਪ ਸਿੰਘ ਪ੍ਰਦੇਸੀ ਨੂੰ ਸਪਾਂਸਿਰਸ਼ਿਪ ਭੇਜ ਦਿੱਤੀ। ਉਸਨੂੰ ਵਿਚਾਰੇ ਨੂੰ ਤਾਂ ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਵੀ ਯਾਦ ਨਹੀਂ ਸਨ। ਉਹ ਗੀਤਕਾਰ ਸੀ ਰੇਡੀਓ ਸਿੰਗਰ ਨਾ ਅਰਦਾਸ ਆਵੇ। ਖ਼ੈਰ ਕੁਝ ਸਮੇਂ ਬਾਦ ਉਸਦੀ ਉਥੋਂ ਛੁੱਟੀ ਕਰ ਦਿੱਤੀ ਗਈ ਜਾਂ ਉਹ ਖੁਦ ਹੀ ਚਲਾ ਗਿਆ। ਇਹ ਪਤਾ ਨਹੀਂ। ਉਸ ਵੇਲੇ ਮੈਨੂੰ ਇਹ ਬਿਲਕੁਲ ਵੀ ਪਤਾ ਨਹੀਂ ਸੀ ਕਿ ਅਮਰੀਕਾ, ਕੈਨੇਡਾ, ਇੰਗਲੈਂਡ ਵਿੱਚ ਤੇ ਕੀਨੀਆਂ, ਯੁਗਾਂਡਾ, ਤਨਜਾਨੀਆਂ ਵਿੱਚ ਆਰਥਿਕ ਪੱਖੋਂ ਕੀ ਅੰਤਰ ਹੈ? ਮੇਰੇ ਲਈ ਤਾਂ ਸਾਰੇ ਬਾਹਰਲੇ ਦੇਸ਼ ਅਮੀਰ ਹੀ ਲਗਦੇ ਸਨ। ਕੁਨੈਲ (ਕੈਨੇਡਾ) ਵਾਲਿਆਂ ਇਹ ਵੀ ਸਾਫ ਕਰ ਦਿੱਤਾ ਸੀ ਕਿ ਸਿਰਫ ਤੁਹਾਨੂੰ ਕੱਲਿਆਂ ਨੂੰ ਬੁਲਾਇਆ ਜਾਏਗਾ ਤੇ ਕਿਰਾਇਆ ਵੀ ਤੁਸੀਂ ਆਪਣਾ ਲਾ ਕੇ ਆਉਣਾ ਹੈ। ਦੂਜੇ ਪਾਸੇ ਦਾਰਾ-ਇ-ਸਲਾਮ (ਤਨਜਾਨੀਆਂ) ਨੂੰ ਵੀ ਗਰੰਥੀ ਦੀ ਲੋੜ ਸੀ। ਉਨ੍ਹਾਂ ਕੋਲ ਮੇਰੀ ਇੱਕ ਕਿਤਾਬ, ''ਕੀਨੋ ਬਡੋ ਕਲੂ ਮਹਿ ਸਾਕਾ'' ਪਹਿਲਾਂ ਹੀ ਪੁੱਜੀ ਹੋਈ ਸੀ। ਉਨ੍ਹਾਂ ਦੀ ਚਿੱਠੀ ਆਪ ਹੀ ਆਈ ਕਿ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਇਥੇ ਸਾਡੇ ਗੁਰਦੁਆਰੇ ਸੇਵਾ ਕਰੋ। ਅਸੀਂ ਤੁਹਾਨੂੰ ਚਾਰ ਟਿਕਟਾਂ ਭੇਜਾਂਗੇ। ਪਰਿਵਾਰ ਵਾਸਤੇ ਤਨਖਾਹ ਤਿੰਨ ਹਜ਼ਾਰ ਸ਼ਲਿੰਗ ਹੋਵੇਗੀ। ਮੈਂ ਸੋਚਿਆ ਕੈਨੇਡਾ ਕੱਲੇ ਨੇ ਆਪਣੀ ਟਿਕਟ ਖਰੀਦ ਕੇ ਜਾਣਾ ਹੈ ਤੇ ਤਨਜਾਨੀਆਂ ਵਾਲੇ ਚਾਰ ਟਿਕਟਾਂ ਵੀ ਦੇ ਰਹੇ ਹਨ ਤੇ ਤਨਖਾਹ ਤਿੰਨ ਹਜ਼ਾਰ ਸ਼ਲਿੰਗ ਮਹੀਨਾ ਰਿਹਾਇਸ਼ ਫਰੀ। ਮੈਂ ਤਨਜਾਨੀਆਂ ਨੂੰ ਤਰਜ਼ੀਹ ਦਿੱਤੀ। ਸੰਨ 1980 ਵਿੱਚ ਮੈਂ ਸਿਰੀ ਨਗਰ (ਕਸ਼ਮੀਰ) ਮਿਲਟਰੀ ਹਸਪਤਾਲ ਤੋਂ ਪਰਮਾਨੈਂਟ ਕੈਟਾਗਰੀ ਸੀ. (ਛ) ਹੋ ਕੇ ਸੈਂਟਰ ਵਿਚੋਂ ਪੁੱਜ ਗਿਆ। ਉਸ ਵੇਲੇ ਸੈਂਟਰ ਕਮਾਂਡੈਂਟ ਕਰਨਲ ਕਪੂਰ ਸਾਹਿਬ ਸਨ। ਉਨ੍ਹਾਂ ਇਨਟੇਕ ਦੇ ਵੇਲੇ ਮੈਨੂੰ ਕਿਹਾ ਕਿ ਤੁਹਾਡੀ ਪੰਦ ਰਾਂ ਸਾਲ ਸਰਵਿਸ ਹੋਣ ਵਿੱਚ ਦੋ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ। ਜੇ ਤੁਸੀਂ ਇਹ ਸਮਾਂ ਪੂਰਾ ਕਰ ਲਵੋਂ ਤਾਂ ਤੁਹਾਨੂੰ ਦੋ ਪੈਨਸ਼ਨਾਂ ਲੱਗ ਜਾਣਗੀਆਂ। ਇੱਕ ਮੈਡੀਕਲ ਦੀ ਤੇ ਦੂਜੀ ਪੱਕੀ ਪੰਦਰਾਂ ਸਾਲ ਵਾਲੀ। ਆਰਮੀ ਵਿੱਚ ਪੈਨਸ਼ਨ ਵਾਸਤੇ ਘੱਟੋਂ ਘੱਟ ਪੰਦਰਾਂ ਸਾਲ ਸਰਵਿਸ ਜ਼ਰੂਰੀ ਹੈ। ਕਪੂਰ ਸਾਹਿਬ ਨੇ ਇਹ ਵੀ ਦੱਸਿਆ ਕਿ ਹੁਣ ਥੋੜ੍ਹੇ ਹੀ ਦਿਨਾਂ ਤੱਕ ਮੇਰੀ ਰਿਟਾਇਰਮੈਂਟ ਹੈ ਤੇ ਸੈਂਟਰ ਕਮਾਂਡੈਂਟ ਤੁਹਾਡੀ ਪਲਟਨ ਦੇ ਰਹਿ ਚੁੱਕੇ ਕਰਨਲ ਬਰਗੇਡੀਅਰ ਆਰ.ਕੇ. ਸਿੰਘ ਮਹਾਵੀਰ ਚੱਕਰ ਆ ਰਹੇ ਹਨ।

ਮੈਂ ਤਨਜਾਨੀਆਂ ਨੂੰ ਚਿੱਠੀ ਲਿਖ ਦਿੱਤੀ ਕਿ ਮੈਂ ਜੁਲਾਈ 1981 ਨੂੰ ਤੁਹਾਡੇ ਕੋਲ ਆ ਸਕਾਂਗਾ। ਉਨ੍ਹਾਂ ਨੇ ਹਾਂ ਕਰ ਦਿੱਤੀ ਤੇ ਐਗਰੀਮੈਂਟ ਭੇਜ ਦਿੱਤਾ ਜੋ ਮੈਂ ਦਸਤਖਤ ਕਰਕੇ ਤੇ ਅਟੈਸਟਿਡ ਕਰਵਾ ਕੇ ਭੇਜ ਦਿੱਤਾ। 31 ਦਸੰਬਰ 1963 ਈ: ਨੂੰ ਮੇਰਾ ਵਿਆਹ ਹੋਇਆ ਸੀ। ਮੇਰੀ ਧਰਮ ਪਤਨੀ (ਸੁਰਗਵਾਸੀ) ਕਮਲਜੀਤ ਕੌਰ ਵਿਆਹ ਵੇਲੇ ਮਸੇ ਪੰਦਰਾਂ ਕੁ ਸਾਲ ਦੀ ਸੀ। ਮੇਰੇ ਸਹੁਰਾ ਸਾਹਿਬ ਅਕਾਲ ਚਲਾਣਾ ਕਰ ਚੁੱਕੇ ਸਨ ਤੇ ਮੇਰੀ ਸੱਸ ਮਾਤਾ ਸੁਰਜੀਤ ਕੌਰ ਆਪਣੇ ਭਰਾਵਾਂ ਦੇ ਕੋਲ ਕੁੜਕਾ ਕਲਾਂ ਰਹਿ ਰਹੀ ਸੀ। ਸਾਡੇ ਪਰਿਵਾਰ ਵਾਂਗ ਉਨ੍ਹਾਂ ਦੀ ਵੀ ਮਾਲੀ ਹਾਲਤ ਬਾਹਲੀ ਚੰਗੀ ਨਹੀਂ ਸੀ। ਵਿਆਹ ਤੋਂ ਪਹਿਲਾਂ ਮੈਂ ਆਪਣੀ ਵਿਚੋਲਣ ਨੂੰ ਜੋ ਉਸਦੀ ਮਾਸੀ ਹੀ ਲਗਦੀ ਸੀ ਤੇ ਦੁਸਾਂਝ ਕਲਾਂ ਵਿਆਹੀ ਹੋਈ ਸੀ ਕਿਹਾ ਕਿ ਮੈਂ ਆਪਣੀ ਸੱਸ ਨੂੰ ਮਿਲਣਾ ਚਾਹੁੰਦਾ ਹਾਂ। ਉਸਨੇ ਗੁਰਾਇਆ ਵਿਖੇ ਸਾਡੇ ਮਿਲਣ ਦਾ ਪ੍ਰਬੰਧ ਕਰ ਦਿੱਤਾ। ਮੈਂ ਆਪਣੀ ਸੱਸ ਨੂੰ ਕਿਹਾ, ''ਬੀਬੀ ! ਮੈਂ ਨੱਕ ਰਖਣ ਲਈ ਲੱਕ ਨਹੀਂ ਤੁੜਵਾਣਾ। ਇਸ ਲਈ ਵਿਆਹ ਤੇ ਨਾ ਖਰਚ ਅਸੀਂ ਕਰਨਾ ਤੇ ਨਾਂ ਤੁਸੀਂ ਕਰਿਓ। ਅਸੀਂ ਸਿਰਫ ਸੱਤ ਬੰਦੇ ਆਵਾਂਗੇ। ਉਹ ਤੇ ਬਹੁਤ ਹੀ ਖੁਸ਼ ਹੋਈ ਤੇ ਮੈਨੂੰ ਅਸੀਸ ਦੇ ਕੇ ਵਾਪਸ ਕੁੜਕੇ ਨੂੰ ਚਲੀ ਗਈ। ਮੈਂ ਵਿਆਹ ਤੇ ਆਪ ਹੱਥੀ ਕੁਝ ਖਾਸ ਹੀ ਰਿਸ਼ਤੇਦਾਰਾਂ ਨੂੰ ਚਿੱਠੀਆਂ ਲਿਖੀਆਂ ਕਿ ਮੇਰਾ 31 ਦਸੰਬਰ ਨੂੰ ਵਿਆਹ ਹੈ ਤੇ ਤੁਸੀਂ 2 ਜਨਵਰੀ ਨੂੰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ। ਵਿਆਹ ਵਾਲੇ ਦਿਨ ਮੇਰੇ ਸਮੇਤ ਅਸੀਂ ਸੱਤ ਜਣੇ ਇਕ ਵੈਗਨ ਜਿਹੀ ਕਿਰਾਏ ਤੇ ਕਰਕੇ ਸਵੇਰੇ ਗਏ ਤੇ ਸ਼ਾਮ ਨੂੰ ਵਾਪਸ ਆ ਗਏ। ਦੂਸਰੇ ਦਿਨ ਸ੍ਰੀ ਅਖੰਡਪਾਠ ਸਾਹਿਬ ਆਰੰਭ ਕਰਵਾਕੇ 3 ਜਨਵਰੀ 1964 ਨੂੰ ਭੋਗ ਤੇ ਰਿਸ਼ਤੇਦਾਰਾਂ ਤੇ ਭਾਈਚਾਰੇ ਨੂੰ ਲੰਗਰ ਛਕਾ ਕੇ ਵਿਆਹ ਦੀ ਖੁਸ਼ੀ ਪਰੂ ੀ ਕੀਤੀ। ਮੇਰੇ ਛੇ ਬੱਚੇ ਹਨ: ਸਰਬਜੀਤ ਸਿੰਘ ਦੁਸਾਂਝ, ਨਵਜੋਤ ਕੌਰ ਸੇਖੋਂ, ਰੁਪਿੰਦਰ ਕੌਰ ਨੋਤ, ਕੁਲਦੀਪ ਸਿੰਘ ਦੁਸਾਂਝ, ਮਨਜੀਤ ਕੌਰ ਮਾਹਲ ਤੇ ਗੁਰਬਖ਼ਸ਼ ਕੌਰ ਕੰਗ। ਸਾਰੇ ਆਪੋ ਆਪਣੇ ਘਰੀ ਸੁਖੀ ਵਸਦੇ ਹਨ।



ਚਲਦਾ....

52 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085

Amarjit Singh
778-908-0523


Hardam S. Maan
604-308-6663


Shashi Madan
604-367-5611


www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
NOBODY KNOWS FLOORING LIKE DREAM CARPETS
SERVING WESTERN CANADA FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry

# ਖੁਸ਼ ਰਹਿਣ ਦਾ ਰਾਜ !

ਜ਼ਿੰਦਗੀ ਬਹੁਤ ਖੂਬਸੂਰਤ ਹੈ ਪਰ ਸ਼ਰਤ ਇਹ ਕਿ ਸਾਨੂੰ ਜਿਊਣਾ ਆਉਂਦਾ ਹੋਵੇ। ਸਾਡੇ ਕੋਲ ਉਹ ਨਜ਼ਰੀਆ ਹੋਵੇ, ਉਹ



ਅੱਖ ਹੋਵੇ ਜਿਸ ਨਾਲ ਜਿੰਦਗੀ ਵਿੱਚ ਸਭ ਚੰਗਾ ਹੀ ਵੇਖੀਏ। ਹਰ ਕੋਈ ਚਾਹੁੰਦਾ ਹੈ ਕਿ ਖੁਸ਼ਨੁਮਾ ਜਿੰਦਗੀ ਜੀਏ। ਚਿਹਰਾ ਖਿੜਿਆ ਰਹੇ, ਰੰਗ ਬਹਾਰ ਲੱਗੇ ਰਹਿਣ। ਵਿਹੜੇ ਵਿੱਚ ਹਾਸਿਆਂ ਦੀਆਂ ਕਿਲਕਾਰੀਆਂ ਗੂੰਜਦੀਆਂ ਰਹਿਣ। ਚਿਹਰਿਆਂ ਦੀਆਂ ਰੌਣਕਾਂ ਹਮੇਸ਼ਾ ਬਰਕਰਾਰ ਰਹਿਣ, ਚੈਨ, ਸ਼ਾਂਤੀ ਸਕੂਨ ਹੋਵੇ। ਪਰ ਇਹ ਸਭ ਸੋਚਣ ਤੱਕ ਸੀਮਤ ਹੈ, ਅਸਲ ਵਿੱਚ ਅੱਜ ਦੇ ਭੌਤਿਕਵਾਦੀ ਯੁੱਗ ਵਿੱਚ ਅਸੀਂ ਆਪਣੇ ਚਿਹਰਿਆਂ ਦੇ ਹਾਸੇ ਪਤਾ ਨਹੀਂ ਕਿੱਥੇ ਗਵਾ ਬੈਠੇ ਹਾਂ। ਕਦੇ ਇਕੱਲਿਆਂ ਬੈਠ ਕੇ ਸੋਚੀਏ ਤਾਂ ਕਿਸੇ ਵਿਰਲੇ ਨੂੰ ਹੀ ਯਾਦ ਆਊ ਕਿ ਉਹ ਕਦੋਂ ਖੁਲ੍ਹ ਕੇ ਖਿੜ ਖਿੜਾ ਕੇ ਹੱਸਿਆ ਹੋਵੇਗਾ। ਜਿਸ ਵੀ ਚਿਹਰੇ ਨੂੰ ਵੇਖੀ ਦਾ ਹੈ ਮੁਰਝਾਏ ਹੋਏ, ਖੋਣੇ ਤੋਂ ਸੱਖਣੇ, ਤਮਾਮ ਚਿੰਤਾਵਾਂ ਵਿੱਚ ਘਿਰੇ ਹੋਏ ਨਜ਼ਰੀ ਪੈਂਦੇ ਹਨ। ਸਾਡਿਆਂ ਚਿਹਰਿਆਂ ਤੋਂ ਖੁਸ਼ੀ ਦੀਆਂ ਤਰੰਗਾਂ ਦਾ ਦੂਰ ਹੋਣ ਦਾ ਮੁੱਖ ਕਾਰਨ ਸਾਡੀਆਂ ਜਰੂਰਤ ਤੋਂ ਵੱਧ ਇਛਾਵਾਂ ਦਾ ਵੱਧਣਾ ਹੈ। ਸਹੂਲਤਾਂ ਨਾਲ ਲਬਰੇਜ਼ ਜਿੰਦਗੀ ਜਿਊਣ ਦੀ ਆਸ ਰੱਖਣੀ, ਉਹਨਾਂ ਸਹੂਲਤਾਂ ਨੂੰ ਪੂਰਿਆਂ ਕਰਨ ਲਈ ਮਿਹਨਤ ਕਰਨੀ ਸਹੀ ਹੈ ਪਰ ਇੱਕ ਹੱਦ ਤੱਕ । ਜੇਕਰ ਸਾਡੀਆਂ ਇਛਾਵਾਂ ਅੱਜ ਹੋਰ ਕੱਲ ਹੋਰ ਪਰਸੋਂ ਹੋਰ ਵੱਧਦੀਆਂ ਜਾਣਗੀਆਂ ਤਾਂ ਅਸੀਂ ਕਦੇ ਜਿੰਦਗੀ ਆਨੰਦ ਨਹੀਂ ਲੈ ਸਕਾਂਗੇ। ਹੁਣ ਆਨੰਦ ਕੇਵਲ ਮਹਿੰਗੀਆਂ ਚੀਜ਼ਾਂ ਲੈਕੇ, ਮਹਿੰਗੀਆਂ ਜਗਾਵਾਂ ਤੇ ਘੁੰਮ ਕੇ, ਮਹਿੰਗੇ ਕੱਪੜੇ ਖਰੀਦ ਕੇ ਨਹੀਂ ਮਿਲਦਾ ਬਲਕਿ ਘਰ ਦੇ ਜੀਆਂ ਨਾਲ ਦੋ ਘੜੀਆਂ ਸਕੂਨ ਨਾਲ ਬੈਠ ਕੇ ਇੱਕ ਦੂਸਰੇ ਦੇ ਦਿਲ ਦਾ ਹਾਲ ਜਾਣ ਕੇ ਮਿਲਦਾ ਹੈ।ਕੁਦਰਤ ਨੂੰ ਮਾਣ ਕੇ, ਹਵਾ ਦੇ ਰੁਮਕਣ ਨਾਲ ਜਦੋਂ ਤੁਹਾਡੇ ਸਰੀਰ ਵਿੱਚ ਝਣਝਣਾਹਟ ਜਿਹੀ ਹੋਵੇ ਤਾਂ ਮਹਿਸੂਸ ਕਰੋ ਕਿ ਕੁਦਰਤ ਤੁਹਾਡੇ ਨਾਲ ਖੇਡ ਰਹੀ ਹੈ। ਪੇੜ ਪੌਦਿਆਂ, ਪੰਛੀਆਂ ਦੀਆਂ ਰੰਗ ਬਿਰੰਗੀਆਂ ਕਿਸਮਾਂ ਦੇਖੋ ਤੇ ਵਾਰੇ ਵਾਰੇ ਜਾ? ਉਸ ਕਾਦਰ ਦੀ ਕੁਦਰਤ ਤੋਂ ਜਿਸ ਨੇ ਬਿਨਾ ਕਿਸੇ ਮੁੱਲ ਸਾਨੂੰ ਇਹ ਅਣਮੁੱਲੀਆਂ ਅਨਾਮਤਾ ਨਾਲ ਨਵਾਜਿਆ ਹੈ। ਇਹ ਨਿੱਕੀਆਂ ਨਿੱਕੀਆਂ ਤੇ ਆਮ ਜਿਹੀਆਂ ਗੱਲਾਂ ਸਾਨੂੰ ਬਹੁਤ ਸਾਰੀ ਖੁਸ਼ੀ ਦਿੰਦੀਆਂ ਹਨ। ਮੈਂ ਦੇਖਦੀ ਹਾਂ ਹਜ਼ਾਰਾਂ ਮਾਨਸਿਕ ਰੋਗਾਂ ਤੋਂ ਪ੍ਰੇਸ਼ਾਨ ਲੋਕ ਮਹਿੰਗੇ ਮਹਿੰਗੇ ਡਾਕਟਰਾਂ ਕੋਲ ਜਾਂਦੇ ਹਨ। ਉਹ ਡਾਕਟਰ ਇਹ ਦੱਸਣ ਦਾ ਹੀ ਹਜ਼ਾਰਾਂ ਰੁਪਏ ਫੀਸ ਲੈ ਲੈਂਦੇ ਹਨ ਕਿ ਜੇਕਰ ਮਾਨਸਿਕ ਰੋਗਾਂ ਤੋਂ ਮੁਕਤ ਹੋਣਾ ਹੈ , ਖੁਸ਼ ਰਹਿਣਾ ਹੈ ਤਾਂ ਸਵੇਰੇ ਜਲਦੀ ਉੱਠੋ, ਸੈਰ ਕਰੋ, ਸੰਤੁਲਿਤ ਭੋਜਨ ਖਾਉ, ਖੁਸ਼ ਰਹੋ, ਪੂਰੀ ਨੀਂਦ ਲਉ, ਪਰਿਵਾਰ ਨਾਲ ਸਮਾਂ ਬਿਤਾ?, ਉਦਾਸ ਨਾ ਹੋਵੋ, ਜਿਆਦਾ ਸੋਚੋ ਨਾ, ਕਿਤਾਬਾਂ ਪੜੋ ਆਦਿ। ਜੋ ਬਹੁਤ ਹੀ ਆਮ ਗੱਲਾਂ ਹਨ, ਜਿੰਨਾ ਬਾਰੇ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਸਾਨੂੰ ਇਹ ਸਭ ਕਰਨਾ ਚਾਹੀਦਾ ਹੈ ਪਰ ਅਸੀਂ ਆਪਣੇ ਵਿੱਚ ਤਬਦੀਲੀ ਲਿਆਉਣ ਦੀ ਬਜਾਇ ਮਾਨਸਿਕ ਬਿਮਾਰੀਆਂ ਲਗਾ ਡਾਕਟਰਾਂ ਕੋਲ ਧੱਕੇ ਖਾਂਦੇ ਰਹਿੰਦੇ ਹਾਂ। ਖੁਸ਼ੀ ਕਿਤੋਂਉ ਵੀ ਮੁੱਲ ਨਹੀਂ ਮਿਲਦੀ। ਇਹ ਸਿਰਜਣੀ ਪੈਂਦੀ ਹੈ । ਖੁਸ਼ ਰਹਿਣ ਦਾ ਰਾਜ ਇਹੀ ਹੈ ਕਿ ਹਮੇਸ਼ਾ ਚੜਦੀਕਲਾ ਵਿੱਚ ਰਹੋ। ਹਲਾਤ ਕਿਹੋ ਜਿਹੇ ਵੀ ਹੋਣ ਉਸਨੂੰ ਨਹੀਂ ਹਰਾ ਸਕਦੇ ਜਿਸਨੂੰ ਜੀਊਣ ਦੀ ਕਲਾ ਹੋਵੇ। ਗੁਰਬਾਣੀ ਪੜੋ, ਵਧੀਆ ਲੇਖਕਾਂ ਦੀਆਂ ਕਿਤਾਬਾਂ ਪੜੋ, ਚੰਗਾ ਸੰਗੀਤ ਸਣੋ, ਆਪਣੇ ਸ਼ੌਕਾਂ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਸਮਾਂ ਦਿਉ। ਯਾਦ ਰੱਖਣਾ ਹਲਾਤ ਕਦੇ ਵੀ ਇੱਕੋ ਜਿਹੇ ਨਹੀਂ ਰਹਿੰਦੇ, ਇਹਨਾਂ ਦਾ ਬਦਲਣਾ ਨਿਸ਼ਚਿਤ ਹੈ, ਹੂਬਹੂ ਮੌਸਮਾਂ ਦੀ ਤਰ੍ਹਾਂ ਕਦੇ ਬਹਾਰ ਕਦੇ ਪੱਤਝੜ। ਜੀਵਨ ਇੱਕ ਹੈ, ਜੋ ਬੀਤ ਗਿਆ ਉਸ ਉੱਤੇ ਪਛਤਾਉਣਾ ਛੱਡੋ, ਉਸ ਤੋਂ ਸਬਕ ਲਉ, ਅੱਜ ਨੂੰ ਜੀ? ਤੇ ਕੱਲ ਦੀ ਫ਼ਿਕਰ ਨਾ ਕਰੋ। ਕੇਵਲ ਅੱਜ ਸਾਡਾ ਆਪਣਾ ਹੈ, ਬੀਤ ਚੁੱਕੇ ਨੂੰ ਤੇ ਨਾ ਹੀ ਆਉਣ ਵਾਲੇ ਕੱਲ ਨੂੰ ਬਦਲਿਆ ਨਹੀਂ ਜਾ ਸਕਦਾ। ਸਾਡੇ ਅੱਜ ਤੇ ਸਾਡਾ ਜੋਰ ਹੈ, ਅੱਜ ਦੀ ਲਗਾਮ ਇੱਕ ਚੰਗੇ ਘੋੜਸਵਾਰ ਦੀ ਤਰ੍ਹਾਂ ਫੜੋ ਤਾਂ ਜੋ ਪਿੱਛੇ ਮੁੜ ਕੇ ਬੀਤੇ ਨੂੰ ਯਾਦ ਕਰੋ ਤਾਂ ਤੁਹਾਡੇ ਚਿਹਰੇ ਤੇ ਉਦੋਂ ਵੀ ਸੰਤੁਸ਼ਟੀ ਨਾਲ ਭਰੀ ਇੱਕ ਹਸੀਨ ਜਿਹੀ ਮੁਸਕਾਨ ਹੋਵੇ।ਸੁੱਖ ਸਹੂਲਤਾਂ ਸਾਨੂੰ ਕਦੇ ਵੀ ਸਦੀਵੀ ਖੁਸ਼ੀ ਨਹੀਂ ਦੇ ਸਕਦੀਆਂ। ਅਸੀਂ ਥੋੜ ਚਿਰੀ ਨਹੀਂ ਬਲਕਿ ਸਦੀਵੀ ਖੁਸ਼ੀ ਲੱਭਣ ਦਾ ਯਤਨ ਕਰਨਾ ਹੈ ਜੋ ਝੱਖੜਾਂ, ਹਨੇਰਿਆਂ, ਦੁੱਖਾਂ ਸੁੱਖਾਂ ਬਹਾਰਾਂ ਵਿੱਚ ਵੀ ਕਾਇਮ ਰਹੇ। ਇਹੀ ਹੈ ਖੁਸ਼ ਰਹਿਣ ਦਾ ਰਾਜ ਇਹੀ ਹੈ ਆਬਾਦ ਰਹਿਣ ਦਾ ਰਾਜ !

NORTHCOAST LUMBER 1

CALL THE TRUE CONTRACTORS YARD TODAY
604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

# ਸੰਗੀਤ ਦੀ ਦੇਵੀ ਸੀ ਲਤਾ ਮੰਗੇਸ਼ਕਰ

ਗੁਰਭਜਨ ਗਿੱਲ

ਇਹ ਗੱਲ ਜਿਹੜੀ ਮੈਂ ਸੁਣਾ ਰਿਹਾ ਹਾਂ ਇਹ ਲੰਮਾ ਸਮਾਂ ਪਹਿਲਾਂ ਮੈਂ ਲਤਾ ਮੰਗੇਸ਼ਕਰ ਜੀ ਦੀ ਇੱਕ ਇੰਟਰਵਿਊ ਚੋਂ ਸੁਣੀ ਸੀ ਪਰ ਵਿੱਸਰੀ ਰਹੀ। ਕੁਝ ਸਾਲ ਪਹਿਲਾਂ ਸਾਡਾ ਪੰਜਾਬੀ ਪੁੱਤਰ ਦੇਵਿੰਦਰਪਾਲ ਸਿੰਘ ਇੰਡੀਅਨ ਆਈਡੋਲ ਬਣਿਆ ਤਾਂ ਲਤਾ ਜੀ ਜੱਜ ਸਨ। ਉਨ੍ਹਾਂ ਦੇਵਿੰਦਰਪਾਲ ਨੂੰ ਸੁਰਵੰਤਾ ਹੋਣ ਕਾਰਨ ਰੱਜਵਾਂ ਪਿਆਰ ਦਿੱਤਾ ਤੇ ਕਈ ਵਾਰ ਆਪਣੇ ਘਰ ਬੁਲਾਇਆ। ਦੇਵਿੰਦਰਪਾਲ ਸਿੰਘ ਨੇ ਇਹ ਗੱਲ ਆਪਣੇ ਉਸਤਾਦ ਪ੍ਰਿੰਸੀਪਲ ਸੁਖਵੰਤ ਸਿੰਘ ਜਵੱਦੀ ਟਕਸਾਲ ਵਾਲਿਆਂ ਨੂੰ ਦੱਸੀ। ਇਹ ਵੀ ਦੱਸਿਆ ਕਿ ਲਤਾ ਜੀ ਦੇ ਭਤੀਜੇ ਅਦਿੱਤਯ ਮੰਗੇਸ਼ਕਰ ਮੁਤਾਬਕ ਉਹ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦਾ ਕੀਰਤਨ ਅਕਸਰ ਸੁਣਦੇ ਹਨ ਤੇ ਮਿਲਣਾ ਵੀ ਚਾਹੁੰਦੇ ਹਨ। ਭਾਈ ਸਾਹਿਬ ਹਰਜਿੰਦਰ ਸਿੰਘ ਤੇ ਪ੍ਰਿੰਸੀਪਲ ਸੁਖਵੰਤ ਸਿੰਘ ਜੀ ਦੇ ਮਨ ਚ ਵੀ ਇਹ ਚਿਰੋਕਣੀ ਤਾਂਘ ਸੀ ਸੰਗੀਤ ਦੀ ਸਰਸਵਤੀ ਦੇਵੀ ਲਤਾ ਜੀ ਨੂੰ ਮਿਲਣ ਦੀ। ਭਾਈ ਹਰਜਿੰਦਰ ਸਿੰਘ ਤੇ ਪ੍ਰਿੰਸੀਪਲ ਸੁਖਵੰਤ ਸਿੰਘ ਦੋਵੇਂ ਦੇਵਿੰਦਰਪਾਲ ਦੇ ਨਾਲ ਲਤਾ ਮੰਗੇਸ਼ਕਰ ਜੀ ਦੇ ਘਰ ਮਿਲਣ ਲਈ ਮੁੰਬਈ ਚਲੇ ਗਏ। ਇਹ 2013 ਜਾਂ 2014 ਦੀ ਗੱਲ ਹੈ। ਉਹ ਬੇਹੱਦ ਸਨੇਹ ਨਾਲ ਮਿਲੇ। ਦੋ ਢਾਈ ਘੰਟੇ ਬਚਪਨ ਤੋਂ ਹੁਣ ਤੀਕ ਦੀਆਂ ਗੱਲਾਂ ਚੱਲੀਆਂ। ਉਨ੍ਹਾਂ ਦੱਸਿਆ ਕਿ ਅਸੀਂ ਸਾਰਾ ਪਰਿਵਾਰ ਬਚਪਨ ਵੇਲੇ ਤੋਪਖਾਨਾ ਮੁਹੱਲਾ ਇੰਦੌਰ (ਮੱਧ ਪਰਦੇਸ਼) ਵਿੱਚ ਰਹਿੰਦੇ ਸਾਂ। ਇਹ ਮੁਹੱਲਾ ਸਿੱਖ ਬਹੁ ਗਿਣਤੀ ਦਾ ਹੋਣ ਕਾਰਨ ਅਸੀਂ ਤਿੰਨੇ ਭੈਣਾਂ ਲਤਾ, ਆਸ਼ਾ ਤੇ ਊਸ਼ਾ ਮੰਗੇਸ਼ਕਰ ਰੋਜ਼ਾਨਾ ਗੁਰਦਵਾਰੇ ਜ਼ਰੂਰ ਜਾਂਦੀਆਂ। ਮੇਰੀ ਗੁੱਤ ਬਹੁਤ ਲੰਮੀ ਸੀ। ਮੈਂ ਸਾਰੀ ਉਮਰ ਵਾਲਾਂ ਨੂੰ ਕੈਂਚੀ ਨਹੀਂ ਛੁਹਾਈ। ਇਸ ਪਿੱਛੇ ਅਜੀਬ ਕਾਰਨ ਸੀ। ਮੇਰੇ ਸੰਗੀਤ ਗੁਰੂ ਜੀ ਨੇ ਬਚਪਨ ਵੇਲੇ ਹੀ ਮਨ ਚ ਬਿਠਾ ਦਿੱਤਾ ਸੀ ਕਿ ਜੇ ਤੂੰ ਵਾਲ ਕੱਟੇਂਗੀ ਤਾਂ ਤੇਰੀ ਆਵਾਜ਼ ਖ਼ਰਾਬ ਹੋ ਜਾਵੇਗੀ।



ਲਤਾ ਜੀ ਨੂੰ ਕੌਰ ਬਣਾ ਕੇ ਅਸੀਂ ਸੂਰਜ ਨੂੰ ਮੁੱਠੀ 'ਚ ਕੈਦ ਨਹੀਂ ਕਰ ਸਕਦੇ। ਪਰ ਇੱਕ ਦਮ ਕਬਜ਼ੇ ਦੀ ਭਾਵਨਾ ਕਾਫ਼ੂਰ ਹੋ ਗਈ, ਜਦ ਚੇਤੇ ਆਇਆ, ਮਹਿਕ ਦਾ ਕੋਈ ਨਾਮ, ਵਤਨ, ਰੰਗ ਜ਼ਾਤ , ਨਸਲ ਭੇਦ ਨਹੀਂ ਹੁੰਦਾ। ਲਤਾ ਜੀ ਮਹਿਕ ਸਨ, ਬ੍ਰਹਿਮੰਡ ਚ ਘੁਲ਼ ਗਏ ਬੇਅੰਤ ਬਰਕਤਾਂ ਧਰਤੀ ਨੂੰ ਸੌਂਪ ਕੇ।

ਮੈਂ ਇਸ ਗੱਲ ਨੂੰ ਵਿਸ਼ਵਾਸ ਵਾਂਗ ਪੁਗਾਇਆ ਹੈ। ਹੁਣ ਵੀ ਮੇਰੀ ਗੁੱਤ ਓਨੀ ਲੰਮੀ ਹੈ। ਪ੍ਰਿੰਸੀਪਲ ਸੁਖਵੰਤ ਸਿੰਘ ਦੇ ਮਨ ਚ ਉਤਸੁਕਤਾ ਵਧੀ। ਇਸ ਦਾ ਕਾਰਨ ਸੀ ਕਿ ਉਸ ਦੇ ਆਪਣੇ ਸੰਗੀਤ ਉਸਤਾਦ ਸ? ਸਰਵਣ ਸਿੰਘ ਜੀ ਦੀ ਦਾੜ੍ਹੀ ਉਨ੍ਹਾਂ ਦੇ ਕੱਦ ਤੋਂ ਲੰਮੇਰੀ ਹੈ। ਪ੍ਰਿੰਸੀਪਲ ਸੁਖਵੰਤ ਸਿੰਘ ਨੇ ਲਤਾ ਜੀ ਨੂੰ ਗੁੱਤ ਦਾ ਜੂੜਾ ਖੋਲ੍ਹ ਕੇ ਵਿਖਾਉਣ ਦੀ ਬੇਨਤੀ ਕੀਤੀ। ਖੋਲ੍ਹਿਆ ਤਾਂ ਗੁੱਤ ਗੋਡਿਆਂ ਤੋਂ ਵੀ ਹੇਠਾਂ ਤੀਕ ਸੀ। ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਉਸ ਪਲ ਨੂੰ ਚੇਤੇ ਕਰਕੇ ਹੁਣ ਵੀ ਆਨੰਦ ਵਿਭੋਰ ਹੋ ਜਾਂਦੇ ਹਨ। ਕੱਲ੍ਹ ਮੈਂ ਤੇ ਭਾਈ ਹਰਜਿੰਦਰ ਸਿੰਘ, ਪ੍ਰਿੰਸੀਪਲ ਸੁਖਵੰਤ ਸਿੰਘ ਤੇ ਦੇਵਿੰਦਰਪਾਲ ਸਿੰਘ ਤਿੰਨੇ ਸਰਦੂਲ ਸਿਕੰਦਰ ਦੇ ਵਗ੍ਹੀਣੇ ਮੌਕੇ ਖੰਨਾ ਚ ਉਸ ਦੇ ਘਰ ਇਕੱਠੇ ਸਾਂ। ਕੱਲ੍ਹ ਖੰਨਾ ਵਿੱਚ ਸਰਦੂਲ ਸਿਕੰਦਰ ਦੇ ਘਰ ਕਿੰਨੇ ਸੰਗੀਤ ਸੂਰਜ ਪੁੱਜੇ। ਜਿੱਧਰ ਨਜ਼ਰ ਪਵੇ, ਨੂਰੋ ਨੂਰ ਨਜ਼ਾਰਾ। ਸਿਰਫ਼ ਸਰਦੂਲ ਨਹੀਂ ਸੀ। ਹੰਸ ਰਾਜ ਹੰਸ, ਹਰਭਜਨ ਮਾਨ, ਜਸਬੀਰ ਜੱਸੀ, ਹਰਦੀਪ ਮੋਹਾਲੀ ਪੁੱਤਰ ਸਮੇਤ, ਰੋਮੀ ਰੰਜਨ, ਸਰਦਾਰ ਅਲੀ, ਆਸ਼ਕ ਅਲੀ, ਗੁਰਲੇਜ਼ ਅਖ਼ਤਰ, ਕੌਲੀ, ਗੁਰਲੇਜ਼ ਦਾ ਨਿੱਕਾ ਸੁਰਵੰਤਾ ਵੀਰ, ਭਾਈ ਪਿਆਰਾ ਸਿੰਘ ਮਿੱਠਾ ਟਿਵਾਣਾ ਵਾਲੇ, ਸਤਿੰਦਰਪਾਲ ਸਿੰਘ ਸਿੱਧਵਾਂ, ਡਾ? ਨਿਰਮਲ ਜੌੜਾ, ਜਸਮੇਰ ਸਿੰਘ ਢੱਟ, ਪੰਜਾਬੀ ਫ਼ਿਲਮ ਨਗਰੀ ਤੋਂ ਗੁਰਪ੍ਰੀਤ ਕੌਰ ਭੰਗੂ, ਸੰਜੀਵ ਆਨੰਦ, ਦੇਵਿੰਦਰ ਖੰਨੇਵਾਲਾ,ਮਲਕੀਤ ਰੌਣੀ ਤੇ ਕਈ ਹੋਰ। ਪਾਕਿਸਤਾਨ ਤੋਂ ਗ਼ਜ਼ਲ ਸਮਰਾਟ ਗੁਲਾਮ ਅਲੀ ਤੇ ਭਗਵੰਤ ਮਾਨ ਦੇ ਸ਼ੋਕ ਸੰਦੇਸ਼ੜੇ ਹਵਾ ਚ ਤੈਰ ਰਹੇ ਸਨ। ਮੈਨੂੰ ਇੰਜ ਲੱਗਿਆ ਪਰ੍ਹੂੰ ਗਏ ਸਰਦੂਲ ਨਾਲ ਲਤਾ ਜੀਵਦੀ ਮੁਲਾਕਾਤ ਹੋ ਗਈ ਹੋਵੇਗੀ। ਸਾਨੂੰ ਗਰੀਬ ਕਰਕੇ ਤੁਰ ਗਏ ਦੋਵੇਂ।

ਲਿੱਖਣੇ ਤਾਂ ਹੋਰ ਵੀ ਬਹੁਤ ਗੱਲਾਂ ਚੇਤੇ ਆਈਆਂ। ਸਰਦੂਲ ਦੇ ਵੀਰ ਗਮਦੂਰ ਤੇ ਭਰਪੂਰ ਚੇਤੇ ਆਏ। ਅਮਰ ਨੂਰੀ ਦਾ ਬਾਬਲ ਰੌਸ਼ਨ ਸਾਗਰ, ਉਹਦਾ ਬੇਲੀ ਮਨਚਲਾ, ਉਸਤਾਦ ਜਸਵੰਤ ਭੰਵਰਾ, ਦੀਦਾਰ ਸੰਧੂ ਤੇ ਕਿੰਨੇ ਹੋਰ।ਅੱਜ ਸਵੇਰੇ ਲਤਾ ਜੀ ਦੇ ਗਾਏ ਗੁਰਬਾਣੀ ਸ਼ਬਦ ਸੁਣਦਿਆਂ ਮੈਂ ਮਹਿਸੂਸ ਕੀਤਾ ਕਿ ਉਹ ਤਾਂ ਸਾਡੀ ਲਤਾ ਮੰਗੇਸ਼ ਕੌਰ ਸੀ। ਅਸੀਂ ਹੀ ਭੁੱਲੇ ਰਹੇ। ਮੈਨੂੰ ਬਚਪਨ ਚ ਸੁਣੀ ਗੱਲ ਯਾਦ ਆਈ। ਭਾਰਤ ਚੀਨ ਜੰਗ 1962 ਵੇਲੇ ਸ਼ਹੀਦ ਸੈਨਿਕਾਂ ਦੀ ਯਾਦ ਵਿੱਚ ਇੱਕ ਸਮਾਗਮ ਸੀ ਦਿੱਲੀ ਵਿੱਚ। ਏਥੇ ਲਤਾ ਮੰਗੇਸ਼ਕਰ ਜੀ ਨੇ ਗੀਤ ਗਾਇਆ। ਐ ਮੇਰੇ ਵਤਨ ਕੇ ਲੋਗੋ, ਜ਼ਰਾ ਆਂਖ ਮੇਂ ਭਰ ਲੋ ਪਾਨੀ। ਜੋ ਸ਼ਹੀਦ ਹੁਏ ਹੈ ਉਨ ਕੀ ਜ਼ਰਾ ਯਾਦ ਕਰੋ ਕੁਰਬਾਨੀ। ਇਹ ਸੁਣਦਿਆਂ ਹਜ਼ਾਰਾਂ ਲੋਕ ਸੁਬਕ ਰਹੇ ਸਨ। ਅੱਥਰੂ ਅੱਥਰੂ ਸਨ। ਲੱਗਦਾ ਸੀ ਦੁਨੀਆ ਭਰ ਦਾ ਦਰਦ ਲਤਾ ਜੀ ਨੇ ਸ਼ਬਦਾਂ ਚ ਪਰੋ ਦਿੱਤਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਫੁੱਟ ਫੁੱਟ ਰੋ ਪਏ।ਜਵਾਹਰਲਾਲ ਨਹਿਰੂ ਬਾਰੇ ਮਸ਼ਹੂਰ ਸੀ ਕਿ ਉਹ ਨਾ ਤਾਂ ਕਦੇ ਜਨਤਕ ਰੂਪ ਵਿੱਚ ਭਾਵੁਕ ਹੋ ਕੇ ਰੋਂਦੇ ਸਨ ਅਤੇ ਨਾ ਹੀ ਕਿਸੇ ਦੂਜੇ ਦਾ ਇਸ ਤਰ੍ਹਾਂ ਭਾਵੁਕ ਹੋਣਾ ਪਸੰਦ ਕਰਦੇ ਸਨ।

ਉਹ 27 ਜਨਵਰੀ, 1963 ਨੂੰ ਲਤਾ ਮੰਗੇਸ਼ਕਰ ਦਾ ਗਾਇਆ ਕਵੀ ਪ੍ਰਦੀਪ ਜੀ ਦਾ ਲਿਖਿਆ ਗੀਤ 'ਐ ਮੇਰੇ ਵਤਨ ਕੇ ਲੋਗੋਂ' ਗਾਇਆ ਤਾਂ ਨਹਿਰੂ ਆਪਣੇ ਅੱਥਰੂ ਰੋਕ ਨਾ ਸਕੇ। ਗਾਣੇ ਤੋਂ ਬਾਅਦ ਜਦੋਂ ਲਤਾ ਸਟੇਜ ਦੇ ਪਿੱਛੇ ਬੈਠੇ ਸਨ ਤਾਂ ਨਿਰਦੇਸ਼ਕ ਮਹਿਬੂਬ ਖ਼ਾਨ ਨੇ ਲਤਾ ਨੂੰ ਕਿਹਾ ਕਿ ਨਹਿਰੂ ਜੀ ਸੱਦ ਰਹੇ ਹਨ।ਮਹਿਬੂਬ ਨੇ ਲਤਾ ਨੂੰ ਨਹਿਰੂ ਦੇ ਸਾਹਮਣੇ ਲਿਜਾ ਕੇ ਕਿਹਾ, ਇਹ ਹੈ ਸਾਡੀ ਲਤਾ, ਤੁਹਾਨੂੰ ਕਿਵੇਂ ਲੱਗਿਆ ਇਸ ਦਾ ਗਾਣਾ? ਨਹਿਰੂ ਨੇ ਕਿਹਾ,''ਬਹੁਤ ਵਧੀਆ। ਇਸ ਲੜਕੀ ਨੇ ਮੇਰੀਆਂ ਅੱਖਾਂ ਵਿੱਚ ਪਾਣੀ ਲਿਆ ਦਿੱਤਾ।'' ਇਹ ਕਹਿ ਕੇ ਨਹਿਰੂ ਨੇ ਲਤਾ ਨੂੰ ਗਲ਼ ਨਾਲ ਲਗਾ ਲਿਆ ਧੀ ਵਾਂਗ।ਤੁਰੰਤ ਇਸ ਗਾਣੇ ਦੀ ਮਾਸਟਰ ਟੇਪ ਨੂੰ ਵਿਵਿਧ ਭਾਰਤੀ ਦੇ ਪ੍ਰਸਾਰਨ ਸਟੇਸ਼ਨ ਪਹੁੰਚਾਇਆ ਗਿਆ ਅਤੇ ਰਿਕਾਰਡ ਸਮੇਂ ਵਿੱਚ ਐੱਚਐੱਮਵੀ ਕੰਪਨੀ ਵੱਲੋਂ ਉਸ ਦਾ ਰਿਕਾਰਡ ਬਣਵਾ ਕੇ ਮਾਰਕੀਟ ਵਿੱਚ ਲਿਆਂਦਾ ਗਿਆ। ਮੈਨੂੰ ਯਾਦ ਹੈ ਕਿ ਸਾਡੇ ਸ੍ਰੀ ਬਾਵਾ ਲਾਲ ਹਾਈ ਸਕੂਲ ਧਿਆਨਪੁਰ ਵਿੱਚ ਇਹ ਰੀਕਾਰਡ ਸਵੇਰ ਦੀ ਪ੍ਰਾਰਥਨਾ ਮਗਰੋਂ ਵਜਾਇਆ ਜਾਂਦਾ ਸੀ। ਪੀ ਟੀ ਵੇਲੇ ਵੀ। ਦੇਖਦਿਆਂ ਹੀ ਇਹ ਗੀਤ ਪੂਰੇ ਦੇਸ਼ ਵਿੱਚ ਫੈਲ ਗਿਆ ਤੇ ਕੌਮੀ ਦਰਦਨਾਮਾ ਬਣ ਗਿਆ। ਲਤਾ ਮੰਗੇਸ਼ਕਰ ਜੀ ਨੇ ਗੁਰੂ ਨਾਨਕ ਦੇਵ ਜੀ ਦੀ 500ਵੀਂ ਜਨਮ ਸ਼ਤਾਬਦੀ ਵੇਲੇ ਸ ਮਹਿੰਦਰ ਦੇ ਸੰਗੀਤ ਵਿੱਚ ਕਈ ਸ਼ਬਦ ਰੀਕਾਰਡ ਕਰਵਾਏ।ਹੁਣ ਵੀ ਸਾਹਾਂ ਚ ਮਹਿਕਦੇ ਹਨ। ਲਤਾ ਜੀ ਨੂੰ ਕੌਰ ਬਣਾ ਕੇ ਅਸੀਂ ਸੂਰਜ ਨੂੰ ਮੁੱਠੀ ਚ ਕੈਦ ਨਹੀਂ ਕਰ ਸਕਦੇ। ਪਰ ਇੱਕ ਦਮ ਕਬਜ਼ੇ ਦੀ ਭਾਵਨਾ ਕਾਫ਼ੂਰ ਹੋ ਗਈ, ਜਦ ਚੇਤੇ ਆਇਆ, ਮਹਿਕ ਦਾ ਕੋਈ ਨਾਮ, ਵਤਨ, ਰੰਗ ਜ਼ਾਤ , ਨਸਲ ਭੇਦ ਨਹੀਂ ਹੁੰਦਾ। ਲਤਾ ਜੀ ਮਹਿਕ ਸਨ, ਬ੍ਰਹਿਮੰਡ ਚ ਘੁਲ਼ ਗਏ ਬੇਅੰਤ ਬਰਕਤਾਂ ਧਰਤੀ ਨੂੰ ਸੌਂਪ ਕੇ।





# ਫੇਸ ਰੋਲਰ ਦੀ ਵਰਤੋਂ ਨਾਲ ਨਹੀਂ ਆਵੇਗਾ ਬੁਢਾਪਾ

ਚਮੜੀ ਦੀ ਦੇਖਭਾਲ ਲਈ ਅੱਜ-ਕੱਲ੍ਹ ਬਜ਼ਾਰ ਵਿੱਚ ਬਹੁਤ ਸਾਰੇ ਬਿਊਟੀ ਟੂਲ ਉਪਲਬਧ ਹਨ। ਇਹਨਾਂ ਵਿੱਚੋਂ ਇੱਕ ਫੇਸ ਰੋਲਰ ਹੈ। ਚਮਕਦਾਰ ਅਤੇ ਜਵਾਨ ਸਕਿਨ ਲਈ ਇਸ ਦੀ ਵਰਤੋਂ ਕਾਫੀ ਮਸ਼ਹੂਰ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਦੀ ਵਰਤੋਂ ਚਿਹਰੇ ਦੀ ਚੰਗੀ ਮਸਾਜ ਲਈ ਕੀਤੀ ਜਾਂਦੀ ਹੈ, ਜੋ ਐਂਟੀ-ਏਜਿੰਗ ਫਾਇਦੇ ਪ੍ਰਦਾਨ ਕਰਦੀ ਹੈ। ਇਹ ਤੁਹਾਡੀ ਸਕਿਨ 'ਚ ਖੂਨ ਦਾ ਸੰਚਾਰ ਵਧਾਉਂਦਾ ਹੈ, ਜਿਸ ਨਾਲ ਤੁਸੀਂ ਚਿਹਰੇ 'ਤੇ ਦਾਗ-ਧੱਬੇ ਅਤੇ ਮੁਹਾਸੇ ਦੀ ਸਮੱਸਿਆ ਤੋਂ ਛੁਟਕਾਰਾ ਪਾ ਸਕਦੇ ਹੋ।

## 'ਫੇਸ ਰੋਲਰ' ਕੀ ਹੈ?

ਇਹ ਇੱਕ ਸੁੰਦਰਤਾ ਟੂਲ ਹੈ। ਤੁਸੀਂ ਇਸ ਦੀ ਵਰਤੋਂ ਆਪਣੀ ਸਕਿਨ, ਗਰਦਨ ਆਦਿ ਦੀ ਮਾਲਿਸ਼ ਕਰਨ ਲਈ ਕਰ ਸਕਦੇ ਹੋ। ਇਸ ਦੀ ਵਰਤੋਂ ਨਾਲ ਉਸ ਖੇਤਰ 'ਚ ਖੂਨ ਦਾ ਵਹਾਅ ਵਧਦਾ ਹੈ। ਫਾਈਨ ਲਾਈਨਾਂ ਦੀ ਸਮੱਸਿਆ ਹੋਵੇ ਜਾਂ ਮੁਹਾਸੇ, ਇਹ ਚਮੜੀ ਨੂੰ ਹਰ ਤਰ੍ਹਾਂ ਦੇ ਫਾਇਦੇ ਪ੍ਰਦਾਨ ਕਰਦਾ ਹੈ। ਹਰ ਸਕਿਨ ਦੇ ਲੋਕ ਇਸ ਨੂੰ ਆਰਾਮ ਨਾਲ ਵਰਤ ਸਕਦੇ ਹਨ।

## ਫੇਸ ਰੋਲਰ ਦੀ ਵਰਤੋਂ ਕਿਵੇਂ ਕਰੀਏ?

▪ ਇਸ ਦੀ ਵਰਤੋਂ ਕਰਨ ਤੋਂ ਪਹਿਲਾਂ ਤੁਹਾਨੂੰ ਇਸ ਨੂੰ ਕੁਝ ਦੇਰ ਠੰਢੇ ਪਾਣੀ 'ਚ ਰੱਖਣਾ ਚਾਹੀਦਾ ਹੈ। ▪ ਇਸ ਤੋਂ ਬਾਅਦ ਚਿਹਰੇ 'ਤੇ ਕੋਈ ਵੀ ਫੇਸ਼ੀਅਲ ਆਇਲ, ਕਰੀਮ ਜਾਂ ਸੀਰਮ ਲਗਾਓ ਅਤੇ ਗਰਦਨ ਤੋਂ ਉੱਪਰ ਵੱਲ ਰੋਲਰ ਨਾਲ ਮਾਲਿਸ਼ ਕਰੋ। ▪ ਚਿਹਰੇ 'ਤੇ ਉੱਪਰ ਦੀ ਦਿਸ਼ਾ 'ਚ ਇਸ ਦੀ ਵਰਤੋਂ ਕਰਨ ਨਾਲ ਝੁਰੜੀਆਂ ਤੋਂ ਛੁਟਕਾਰਾ ਮਿਲਦਾ ਹੈ। ▪ ਮੱਥੇ 'ਤੇ ਲੱਗੀਆਂ ਬਰੀਕ ਰੇਖਾਵਾਂ ਨੂੰ ਦੂਰ ਕਰਨ ਲਈ ਰੋਜ਼ਾਨਾ 5 ਮਿੰਟ ਤੱਕ ਇਸ ਦੀ ਵਰਤੋਂ ਮੱਥੇ 'ਤੇ ਕਰੋ। ▪ ਜੇਕਰ ਤੁਸੀਂ ਇਸਨੂੰ ਅੱਖਾਂ ਲਈ ਵਰਤਣਾ ਚਾਹੁੰਦੇ ਹੋ ਤਾਂ ਇੱਕ ਛੋਟਾ ਰੋਲਰ ਲਓ।

## ਫੇਸ ਰੋਲਰ ਦੇ ਫਾਇਦੇ

▪ ਚਿਹਰੇ ਦੀ ਸੋਜ ਨੂੰ ਦੂਰ ਕਰਦਾ ਹੈ। ▪ ਖੂਨ ਦੀਆਂ ਨਾੜੀਆਂ ਵਿੱਚ ਖੂਨ ਦਾ ਪ੍ਰਵਾਹ ਵਧਾਉਂਦਾ ਹੈ। ਚਮੜੀ ਨੂੰ ਮੁਲਾਇਮ ਬਣਾਉਂਦਾ ਹੈ। ▪ ਇਹ ਸਾਈਨਸ ਵਿੱਚ ਵੀ ਮਦਦਗਾਰ ਸਾਬਤ ਹੁੰਦਾ ਹੈ। ▪ ਚਮੜੀ ਨੂੰ ਕੱਸਦਾ ਹੈ। ▪ ਮਾਸਪੇਸ਼ੀਆਂ ਨੂੰ ਆਰਾਮ ਦਿੰਦਾ ਹੈ।

# ਇਨ੍ਹਾਂ ਨੁਸਖਿਆਂ ਨਾਲ ਪਿੰਪਲਜ਼ ਤੋਂ ਪਾਓ ਛੁਟਕਾਰਾ



ਹਾਰਮੋਨਲ ਬਦਲਾਅ, ਤੇਲਯੁਕਤ ਚਮੜੀ, ਬਿਊਟੀ ਪ੍ਰੋਡਕਟਸ ਦੀ ਜ਼ਿਆਦਾ ਵਰਤੋਂ, ਸਰੀਰ 'ਚ ਮੌਜੂਦ ਜ਼ਹਿਰੀਲੇ ਤੱਤ, ਧੂੜ ਅਤੇ ਪ੍ਰਦੂਸ਼ਣ ਚਿਹਰੇ 'ਤੇ ਮੁਹਾਸੇ ਹੋਣ ਦੇ ਸਭ ਤੋਂ ਵੱਡੇ ਕਾਰਨ ਹਨ। ਮੁਹਾਸੇ ਦੇ ਬਾਅਦ ਚਿਹਰੇ 'ਤੇ ਧੱਬੇ ਅਤੇ ਦਾਗ ਧੱਬੇ ਨੂੰ ਹਾਈਪਰਪਿਗਮੈਂਟੇਸ਼ਨ ਕਿਹਾ ਜਾਂਦਾ ਹੈ। ਜੇਕਰ ਮੁਹਾਸਿਆ ਨਾਲ ਜ਼ਬਰਦਸਤੀ ਨਾ ਕੀਤੀ ਜਾਵੇ, ਤਾਂ ਉਹ ਕੁਝ ਦਿਨਾਂ ਬਾਅਦ ਆਪਣੇ ਆਪ ਠੀਕ ਹੋ ਜਾਣਗੇ, ਪਰ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਆਖਿਰਕਾਰ ਚਿਹਰੇ 'ਤੇ ਦਾਗ ਛੱਡ ਦਿੰਦੀ ਹੈ। ਜੋ ਤੁਹਾਡੀ ਸੁੰਦਰਤਾ ਨੂੰ ਖਰਾਬ ਕਰ ਦਿੰਦੇ ਹਨ। ਪਿੰਪਲਜ਼ ਦੇ ਨਿਸ਼ਾਨ ਹਟਾਉਣਾ ਇੰਨਾ ਆਸਾਨ ਨਹੀਂ ਹੈ। ਇਸ ਦੇ ਲਈ ਕਈ ਔਰਤਾਂ ਵੱਖ-ਵੱਖ ਤਰ੍ਹਾਂ ਦੇ ਇਲਾਜ ਅਤੇ ਕਰੀਮਾਂ ਦਾ ਸਹਾਰਾ ਲੈਂਦੀਆਂ ਹਨ। ਜੋ ਕਈ ਵਾਰ ਸਫਲ ਸਾਬਤ ਹੁੰਦੇ ਹਨ, ਕਈ ਵਾਰ ਇਨ੍ਹਾਂ ਦੇ ਮਾੜੇ ਪ੍ਰਭਾਵ ਵੀ ਦੇਖਣ ਨੂੰ ਮਿਲਦੇ ਹਨ। ਅਜਿਹੀ ਸਥਿਤੀ ਵਿੱਚ, ਅੱਜ ਅਸੀਂ ਤੁਹਾਨੂੰ ਕੁਝ ਕੁਦਰਤੀ ਉਪਚਾਰ ਦੱਸਾਂਗੇ ਜੋ ਬਹੁਤ ਪ੍ਰਭਾਵਸ਼ਾਲੀ ਹਨ।

## ਨਿੰਬੂ-ਸ਼ਹਿਦ ਦਾ ਫੇਸ ਪੈਕ

ਨਿੰਬੂ ਅਤੇ ਸ਼ਹਿਦ ਦਾ ਫੇਸ ਪੈਕ ਮੁਹਾਸੇ ਦੇ ਨਿਸ਼ਾਨ ਦੂਰ ਕਰਨ ਵਿੱਚ ਸਭ ਤੋਂ ਵੱਧ ਫਾਇਦੇਮੰਦ ਹੁੰਦਾ ਹੈ। ਅਸਲ ਵਿੱਚ, ਨਿੰਬੂ ਵਿੱਚ ਵਿਟਾਮਿਨ ਸੀ ਦੀ ਚੰਗੀ ਮਾਤਰਾ ਹੁੰਦੀ ਹੈ ਜੋ ਦਾਗ-ਧੱਬੇ ਅਤੇ ਦਾਗ-ਧੱਬਿਆਂ ਨੂੰ ਦੂਰ ਕਰਨ ਵਿੱਚ ਬਹੁਤ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ। ਇਹ ਮੇਲੇਨਿਨ ਦੇ ਉਤਪਾਦਨ ਨੂੰ ਘਟਾਉਂਦਾ ਹੈ ਅਤੇ ਚਮੜੀ ਨੂੰ ਡੂੰਘਾ ਸਾਫ਼ ਕਰਦਾ ਹੈ। ਇਸ ਦੇ ਨਾਲ ਹੀ ਇਸ ਦੇ ਨਾਲ ਵਰਤਿਆ ਜਾਣ ਵਾਲਾ ਸ਼ਹਿਦ ਵੀ ਚਮੜੀ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਦਾਗ-ਧੱਬਿਆਂ ਨੂੰ ਦੂਰ ਕਰਨ ਦੇ ਨਾਲ-ਨਾਲ ਇਹ ਚਮੜੀ ਨੂੰ ਨਮੀ ਵੀ ਦਿੰਦਾ ਹੈ। ਇਸ ਫੇਸ ਮਾਸਕ ਦੀ ਵਰਤੋਂ ਕਰਨ ਨਾਲ ਚਿਹਰਾ ਸਾਫ਼, ਸੁੰਦਰ, ਨਰਮ ਅਤੇ ਚਮਕਦਾਰ ਦਿਖਾਈ ਦਿੰਦਾ ਹੈ।

## ਇਸ ਫੇਸ ਪੈਕ ਨੂੰ ਇਸ ਤਰ੍ਹਾਂ ਬਣਾਓ

ਸਮੱਗਰੀ-ਇੱਕ ਚੱਮਚ ਨਿੰਬੂ ਦਾ ਰਸ, ਇੱਕ ਚੱਮਚ ਸ਼ਹਿਦ।

### ਵਿਧੀ

- ਇੱਕ ਕਟੋਰੀ ਵਿੱਚ ਨਿੰਬੂ ਦਾ ਰਸ ਕੱਢ ਲਓ।
- ਇਸ 'ਚ ਸ਼ਹਿਦ ਮਿਲਾਓ ਅਤੇ ਦੋਵਾਂ ਨੂੰ ਚੰਗੀ ਤਰ੍ਹਾਂ ਮਿਲਾਓ। ਇਸ ਫੇਸ ਮਾਸਕ ਨੂੰ ਆਪਣੇ ਚਿਹਰੇ ਅਤੇ ਗਰਦਨ 'ਤੇ ਲਗਾਓ।
- ਇਸ ਨੂੰ 10-15 ਮਿੰਟ ਤੱਕ ਲਗਾ ਕੇ ਰੱਖੋ। ਇਸ ਤੋਂ ਬਾਅਦ ਚਿਹਰੇ ਨੂੰ ਸਧਾਰਨ ਪਾਣੀ ਨਾਲ ਧੋ ਲਓ।
- ਤੁਸੀਂ ਇਸ ਮਾਸਕ ਦੀ ਵਰਤੋਂ ਰੋਜ਼ਾਨਾ ਜਾਂ ਹਫ਼ਤੇ ਵਿੱਚ ਦੋ ਤੋਂ ਤਿੰਨ ਵਾਰ ਕਰ ਸਕਦੇ ਹੋ।

# ਕੋਲੈਸਟ੍ਰੋਲ

ਸਰੀਰ ਵਿੱਚ ਪੈਦਾ ਹੋਣ ਵਾਲੇ ਤੇਲ ਵਰਗੇ ਪਦਾਰਥ। ਕੋਲੈਸਟ੍ਰੋਲ ਕਿਹਾ ਜਾਂਦਾ ਹੈ। ਆਮ ਸਰੀਰਕ ਕਿਰਿਆਵਾਂ ਕਰਨ ਲਈ ਸਰੀਰ। ਕੋਲੈਸਟ੍ਰੋਲ ਦੀ ਜ਼ਰੂਰਤ ਹੁੰਦੀ ਹੈ। ਕੋਲੈਸਟ੍ਰੋਲ ਚੰਗੀ ਕਿਸਮ ਦੇ ਵੀ ਹੁੰਦੇ ਹਨ। ਮਾੜੀ ਕਿਸਮ ਵਾਲੇ ਕੋਲੈਸਟ੍ਰੋਲ ਦੀ ਵੱਧ ਮਾਤਰਾ ਖ਼ਤਰਨਾਕ ਹੋ ਸਕਦੀ ਹੈ। ਕੋਲੈਸਟ੍ਰੋਲ ਦੀ ਵੱਧ ਮਾਤਰਾ ਖ਼ੂਨ ਦੀਆਂ ਧਮਣੀਆਂ ਵਿੱਚ ਜੰਮ ਜਾਂਦੀ ਹੈ ਅਤੇ ਇਹ ਦਿਲ ਦੇ ਦੌਰੇ ਦਾ ਖ਼ਤਰਾ ਵਧਾਉਂਦੀ ਹੈ।

## ਕਿਸਮਾਂ

1. ਚੰਗਾ ਕੋਲੈਸਟ੍ਰੋਲ (ਐੱਚ.ਡੀ.ਐੱਲ.) : ਇਹ ਖ਼ੂਨ ਦੀਆਂ ਧਮਣੀਆਂ। ਸਾਫ਼ ਕਰਦਾ ਹੈ, ਕਸਰਤ ਕਰਨ ਨਾਲ ਐੱਚ.ਡੀ.ਐੱਲ. ਵਿੱਚ ਵਾਧਾ ਹੁੰਦਾ ਹੈ।
2. ਮਾੜਾ ਕੋਲੈਸਟ੍ਰੋਲ (ਐੱਲ.ਡੀ.ਐੱਲ.) : ਇਸਦੇ ਵਧਣ ਨਾਲ ਖ਼ੂਨ ਦੀਆਂ ਧਮਣੀਆਂ ਵਿੱਚ ਖ਼ੂਨ ਦੇ ਥੱਕੇ ਜੰਮ ਜਾਂਦੇ ਹਨ।

## ਕਾਰਨ

1. ਪਰਿਵਾਰਿਕ ਪਿਛੋਕੜ। 2. ਜ਼ਿਆਦਾ ਚਰਬੀ ਵਾਲਾ ਖਾਣਾ। 3. ਕਸਰਤ ਨਾ ਕਰਨਾ। 4. ਸਿਗਰਟ ਪੀਣਾ। 5. ਸ਼ਰਾਬ।

## ਜਾਂਚ

40 ਸਾਲ ਦੀ ਉਮਰ ਤੋਂ ਵੱਧ ਦੇ ਤੰਦਰੁਸਤ ਵਿਅਕਤੀ ਲਈ ਘੱਟੋ-ਘੱਟ ਹਰ 2-3 ਸਾਲ ਬਾਅਦ ਜਾਂਚ ਕਰਵਾਉਣੀ ਚਾਹੀਦੀ ਹੈ। ਜੇਕਰ ਤੁਸੀਂ ਕੋਲੈਸਟ੍ਰੋਲ ਘੱਟ ਕਰਨ ਵਾਲੀ ਦਵਾਈ ਲੈ ਰਹੇ ਹੋ ਤਾਂ ਸਾਲ ਵਿੱਚ ਇੱਕ ਵਾਰ ਜ਼ਰੂਰ ਕੋਲੈਸਟ੍ਰੋਲ ਚੈੱਕ ਕਰਵਾਓ। ਜੇਕਰ ਕੋਲੈਸਟ੍ਰੋਲ ਦੀ ਮਾਤਰਾ 200 ਤੋਂ ਘੱਟ ਹੈ, ਤਾਂ ਸਿਹਤ ਲਈ ਚੰਗਾ ਹੈ। ਜੇਕਰ ਕੋਲੈਸਟ੍ਰੋਲ ਦੀ ਮਾਤਰਾ 200-240 ਹੈ, ਤਾਂ ਸਿਹਤ ਨੂੰ ਖ਼ਤਰੇ ਦਾ ਸੰਕੇਤ ਹੈ। ਆਪਣੇ ਖਾਣੇ ਦਾ ਧਿਆਨ ਰੱਖੋ ਅਤੇ ਕਸਰਤ ਕਰੋ। ਜੇਕਰ ਕੋਲੈਸਟ੍ਰੋਲ ਦੀ ਮਾਤਰਾ 240 ਤੋਂ ਵੱਧ ਹੈ, ਤਾਂ ਬਿਮਾਰੀਆਂ ਦਾ ਖ਼ਤਰਾ ਜ਼ਿਆਦਾ ਹੈ। ਡਾਕਟਰ ਆਮ ਤੌਰ 'ਤੇ ਮਾੜੀ ਕਿਸਮ ਦੇ ਕੋਲੈਸਟ੍ਰੋਲ ਦਾ ਜ਼ਿਆਦਾ ਧਿਆਨ ਰੱਖਦੇ ਹਨ।

## ਘਰੇਲੂ ਇਲਾਜ

1. ਘੱਟ ਚਰਬੀ ਖਾਵੋ (ਮੱਖਣ, ਘੀ, ਮਾਸ)।
2. ਰੋਜ਼ਾਨਾ ਕਸਰਤ ਕਰੋ।
3. ਸ਼ਰਾਬ ਅਤੇ ਸਿਗਰਟ ਨਾ ਪੀਓ।
4. ਜੇਕਰ ਤੁਹਾਡਾ ਭਾਰ ਜ਼ਿਆਦਾ ਹੈ ਤਾਂ ਭਾਰ ਨੂੰ ਘਟਾਓ।
5. ਜੇਕਰ ਤੁਹਾਡੇ ਡਾਕਟਰ ਨੇ ਇਸ ਲਈ ਦਵਾਈ ਲੈਣ ਲਈ ਕਿਹਾ ਹੈ ਤਾਂ ਦਵਾਈ ਲਗਾਤਾਰ ਲਵੋ ਅਤੇ ਦਵਾਈ ਨੂੰ ਆਪਣੇ ਆਪ ਬੰਦ ਨਾ ਕਰੋ।

## ਡਾਕਟਰ ਨੂੰ ਕਦੋਂ ਦਿਖਾਈਏ

1. ਜੇ ਜ਼ਿਆਦਾ ਕੋਲੈਸਟ੍ਰੋਲ ਦਾ ਪਰਿਵਾਰਕ ਪਿਛੋਕੜ ਹੈ।
2. ਜੇ ਤੁਹਾਨੂੰ ਦਿਲ ਦੀ ਕੋਈ ਬਿਮਾਰੀ ਹੈ।
3. ਜੇਕਰ ਤੁਹਾਨੂੰ ਸ਼ੂਗਰ ਰੋਗ ਹੈ।



# ਅਜੈ ਦੇਵਗਨ ਬੌਲੀਵੁੱਡ ਦਾ ਅਸਲੀ ਸਿੰਘਮ-ਮਾਧਵਨ

ਮੁੰਬਈ-ਬੌਲੀਵੁੱਡ ਅਦਾਕਾਰ ਆਰ ਮਾਧਵਨ ਦਾ ਕਹਿਣਾ ਹੈ ਕਿ ਅਜੈ ਦੇਵਗਨ ਬੌਲੀਵੁਡ ਦਾ ਅਸਲੀ ਸਿੰਘਮ ਹੈ। ਉਹ ਇਸ ਸੁਪਰਸਟਾਰ ਨਾਲ ਆਉਣ ਵਾਲੀ ਫਿਲਮ 'ਸ਼ੈਤਾਨ' ਵਿਚ ਕੰਮ ਕਰ ਰਿਹਾ ਹੈ। ਫਿਲਮ 'ਰੌਲਵੇ ਮੈਨ' ਦੇ ਅਦਾਕਾਰ ਮਾਧਵਨ ਨੇ ਅਜੈ ਦੇਵਗਨ ਦੇ ਸੁਭਾਅ ਦੀ ਰੱਜ ਕੇ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹ ਅਜੈ ਦਾ ਵੱਡਾ ਪ੍ਰਸ਼ੰਸਕ ਰਿਹਾ ਹੈ ਪਰ ਅਜੈ ਨਾਲ ਕੰਮ ਕਰਕੇ ਤੇ ਉਸ ਦੀ ਕੰਮ ਪ੍ਰਤੀ ਲਗਨ ਤੇ ਸਮਰਪਣ ਦੀ ਭਾਵਨਾ ਕਾਰਨ ਉਸ



ਦਾ ਅਦਾਕਾਰ ਪ੍ਰਤੀ ਸਤਿਕਾਰ ਹੋਰ ਵਧ ਗਿਆ ਹੈ। ਆਰ ਮਾਧਵਨ ਨੇ ਫਿਲਮ ਦੇ ਟਰੇਲਰ ਲਾਂਚ ਸਮਾਗਮ ਵਿਚ ਕਿਹਾ, 'ਮੈਂ ਲੰਬੇ ਅਰਸੇ ਤੋਂ ਫਿਲਮ ਸਨਅਤ ਵਿੱਚ ਹਾਂ ਅਤੇ ਮੈਂ ਅਜੈ ਸਰ ਦਾ ਬਹੁਤ ਵੱਡਾ ਪ੍ਰਸ਼ੰਸਕ ਹਾਂ। ਉਹ ਜਿਸ ਤਰ੍ਹਾਂ ਨਾਲ ਆਪਣੇ ਕਿਰਦਾਰਾਂ ਨੂੰ ਸੁਖਮਤਾ ਨਾਲ ਨਿਭਾਉਂਦੇ ਹਨ, ਉਹ ਬੇਮਿਸਾਲ ਹੈ।' 'ਸ਼ੈਤਾਨ' ਵਿੱਚ ਮਾਧਵਨ ਨੇ ਸ਼ੈਤਾਨ ਦੀ ਭੂਮਿਕਾ ਨਿਭਾਈ ਹੈ। ਇਹ ਫਿਲਮ 8 ਮਾਰਚ ਨੂੰ ਰਿਲੀਜ਼ ਹੋਵੇਗੀ।

# ਫ਼ਿਲਮ 'ਲਾਪਤਾ ਲੇਡੀਜ਼' ਪਹਿਲੀ ਮਾਰਚ ਨੂੰ ਹੋਵੇਗੀ ਰਿਲੀਜ਼

ਨਵੀਂ ਦਿੱਲੀ-ਫ਼ਿਲਮ 'ਧੋਬੀ ਘਾਟ' ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨ ਮਗਰੋਂ ਉੱਘੀ ਨਿਰਦੇਸ਼ਕ ਅਤੇ ਨਿਰਮਾਤਾ ਕਿਰਨ ਰਾਓ 'ਲਾਪਤਾ ਲੇਡੀਜ਼' ਨਾਲ ਵਾਪਸੀ ਕਰਨ ਜਾ ਰਹੀ ਹੈ। ਫ਼ਿਲਮ ਦੀ ਕਹਾਣੀ ਦੋ ਨਵਵਿਆਹੀਆਂ ਲਾੜੀਆਂ ਦੇ ਆਲੇ ਦੁਆਲੇ ਘੁੰਮਦੀ ਹੈ ਜੋ ਰੇਲ ਸਫਰ ਦੌਰਾਨ ਆਪਣੇ ਪਰਿਵਾਰਾਂ ਤੋਂ ਵਿਛੜ ਜਾਂਦੀਆਂ ਹਨ। ਉਸ ਨੇ ਦੱਸਿਆ ਕਿ 'ਫ਼ਿਲਮ 'ਲਾਪਤਾ ਲੇਡੀਜ਼' 2001 ਦੇ ਮੱਧ ਪ੍ਰਦੇਸ਼ 'ਤੇ ਆਧਾਰਿਤ ਹੈ। ਕਿਰਨ ਰਾਓ ਨੇ ਦੱਸਿਆ ਕਿ ਮੈਨੂੰ ਜਾਪਦਾ ਹੈ ਕਿ ਇਹ ਕਹਾਣੀ ਲੋਕਾਂ ਨੂੰ ਪਸੰਦ ਆਵੇਗੀ। ਇਸ ਦੌਰਾਨ ਉਸ ਨੇ ਇਹ ਵੀ ਦੱਸਿਆ ਕਿ ਉਸ ਨੇ ਫ਼ਿਲਮ ਦੀ ਸ਼ੂਟਿੰਗ ਲਈ ਥਾਵਾਂ ਦੀ ਕਿਵੇਂ ਚੋਣ ਕੀਤੀ। ਉਸ ਨੇ ਆਖਿਆ ਕਿ ਕਰੋਨਾ ਦਾ ਸਮਾਂ ਹੋਣ ਕਾਰਨ ਬਹੁਤ ਸਫ਼ਰ ਨਹੀਂ ਕੀਤਾ ਜਾ ਸਕਦਾ ਸੀ। ਇਸ ਲਈ ਅਸੀਂ ਬਿਹਾਰ, ਯੂਪੀ, ਦਿੱਲੀ, ਐੱਮਪੀ ਤੋਂ ਲੈ ਕੇ ਮਹਾਰਾਸ਼ਟਰ ਵਿੱਚ ਵੀ ਬਹੁਤ ਸਾਰੀਆਂ ਥਾਵਾਂ ਦੇਖੀਆਂ ਮਗਰੋਂ ਅਸੀਂ ਸੋਚਿਆ ਕਿ ਇਸ ਲਈ ਐੱਮਪੀ ਵਿੱਚ ਸਾਡੀ ਲੋੜ ਅਨੁਸਾਰ ਕਾਫ਼ੀ ਸਥਾਨ ਮਿਲ ਰਹੇ ਹਨ। ਉਹ ਭੋਪਾਲ ਤੋਂ ਜ਼ਿਆਦਾ ਦੂਰ ਨਹੀਂ ਹੈ। ਫ਼ਿਲਮ ਵਿੱਚ ਰਵੀ ਕਿਸ਼ਨ, ਪ੍ਰਤਿਭਾ ਰਾਂਤਾ, ਸਪਸ਼ ਸ੍ਰੀ ਵਾਸਤਵ, ਅਤੇ ਨਿਤਾਂਸ਼ੀ ਗੋਇਲ ਹਨ। ਜੀਓ ਸਟੂਡੀਓਜ਼ ਵੱਲੋਂ ਪੇਸ਼, ਫ਼ਿਲਮ 'ਲਾਪਤਾ ਲੇਡੀਜ਼' ਦੀ ਕਿਰਨ ਰਾਓ ਨਿਰਦੇਸ਼ਕ ਹੈ। ਇਹ ਫ਼ਿਲਮ ਆਮਿਰ ਖਾਨ ਅਤੇ ਜਯੋਤੀ ਦੇਸ਼ਪਾਂਡੇ ਵੱਲੋਂ ਬਣਾਈ ਗਈ ਹੈ। 'ਲਾਪਤਾ ਲੇਡੀਜ਼' ਦੋ ਨਵਵਿਆਹੀਆਂ ਦੀ ਕਹਾਣੀ ਹੈ ਜੋ ਰੇਲ ਸਫ਼ਰ ਦੌਰਾਨ ਪਰਿਵਾਰਾਂ ਤੋਂ ਵਿਛੜ ਜਾਂਦੀਆਂ ਹਨ। ਫ਼ਿਲਮ ਵਿੱਚ ਕਿਸ਼ਨ, ਇੱਕ ਪੁਲੀਸ ਅਧਿਕਾਰੀ ਹੈ, ਜੋ ਕੇਸ ਦੀ ਜਾਂਚ ਕਰਦਾ ਹੈ। ਟੋਰਾਂਟੋ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਵਿੱਚ ਇਸ ਦੀ




ਸਕ੍ਰੀਨਿੰਗ ਦੌਰਾਨ ਦਰਸ਼ਕਾਂ ਨੇ ਖੜ੍ਹੇ ਹੋ ਕੇ ਇਸ ਦਾ ਸਵਾਗਤ ਕੀਤਾ। ਫ਼ਿਲਮ 'ਲਾਪਤਾ ਲੇਡੀਜ਼' ਇੱਕ ਅਜਿਹੀ ਟੀਮ ਵੱਲੋਂ ਤਿਆਰ ਕੀਤੀ ਗਈ ਹੈ ਜਿਸ ਨੇ 'ਦਿੱਲੀ ਬੈੱਲੀ, 'ਦੰਗਲ', ਅਤੇ ਪਿਪਲੀ ਲਾਈਵ' ਵਰਗੀਆਂ ਹਿੱਟ ਫਿਲਮਾਂ ਬਣਾਈਆਂ ਹਨ। ਸਨੇਹਾ ਦੇਸਾਈ ਨੇ ਡਾਇਲਾਗ ਲਿਖੇ ਹਨ। ਇਹ ਫ਼ਿਲਮ ਪਹਿਲੀ ਮਾਰਚ ਨੂੰ ਰਿਲੀਜ਼ ਹੋਵੇਗੀ।


# ਵਰੁਣ ਅਤੇ ਜਾਹਨਵੀ 'ਸਨੀ ਸੰਸਕਾਰੀ ਕੀ ਤੁਲਸੀ ਕੁਮਾਰੀ' 'ਚ ਇਕੱਠੇ ਨਜ਼ਰ ਆਉਣਗੇ



ਮੁੰਬਈ-ਬੌਲੀਵੁੱਡ ਅਦਾਕਾਰ ਵਰੁਣ ਧਵਨ ਅਤੇ ਅਦਾਕਾਰਾ ਜਾਹਨਵੀ ਕਪੂਰ ਮੁੜ ਫ਼ਿਲਮ 'ਸਨੀ ਸੰਸਕਾਰੀ ਕੀ ਤੁਲਸੀ ਕੁਮਾਰੀ' ਵਿੱਚ ਇਕੱਠੇ ਨਜ਼ਰ ਆਉਣਗੇ। ਕਰਨ ਜੌਹਰ ਦੇ ਧਰਮਾ ਪ੍ਰੋਡਕਸ਼ਨ ਦੇ ਸਮਰਥਨ ਵਾਲੀ ਇਹ ਫਿਲਮ ਫਿਲਮਸਾਜ਼ ਸ਼ਸ਼ਾਂਕ ਖੇਤਾਨ ਵੱਲੋਂ ਲਿਖੀ ਅਤੇ ਨਿਰਦੇਸ਼ਿਤ ਕੀਤੀ ਜਾਵੇਗੀ। ਫ਼ਿਲਮ 25 ਅਪਰੈਲ 2025 ਨੂੰ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋਵੇਗੀ। ਸਟੂਡੀਓ ਨੇ ਇੰਸਟਾਗ੍ਰਾਮ 'ਤੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਲਿਖਿਆ, " ਤੁਹਾਡਾ ਸੰਸਕਾਰੀ ਆਪਣੀ ਕੁਮਾਰੀ ਨੂੰ ਲੈਣ ਜਾ ਰਿਹਾ ਹੈ। ਮਨੋਰੰਜਨ ਨਾਲ ਭਰਪੂਰ ਇਹ ਰੋਮਾਂਟਿਕ ਫ਼ਿਲਮ ਵੱਡੇ ਪਰਦੇ 'ਤੇ ਸਿਨੇਮਾਘਰਾਂ ਵਿੱਚ 18 ਅਪਰੈਲ 2025 ਨੂੰ ਆ ਰਹੀ ਹੈ। " ਫ਼ਿਲਮ 'ਸਨੀ ਸੰਸਕਾਰੀ ਕੀ ਤੁਲਸੀ ਕੁਮਾਰੀ' ਧਵਨ ਅਤੇ ਕਪੂਰ ਨੂੰ ਮੁੜ ਇਕੱਠਿਆਂ ਲੈ ਕੇ ਆਵੇਗੀ। ਇਨ੍ਹਾਂ ਦੋਵਾਂ ਨੇ ਹਾਲ ਹੀ ਵਿੱਚ ਨਿਤੇਸ਼ ਤਿਵਾੜੀ ਦੀ ਫ਼ਿਲਮ 'ਬਵਾਲ' ਵਿੱਚ ਇੱਕਠਿਆਂ ਕੰਮ ਕੀਤਾ ਸੀ।

# ਫਿਲਮ 'ਸ਼ੈਤਾਨ' ਦਾ ਪੋਸਟਰ ਰਿਲੀਜ਼

ਮੁੰਬਈ-ਫਿਲਮ ਅਦਾਕਾਰ ਅਜੈ ਦੇਵਗਨ ਨੇ ਆਪਣੀ ਆਉਣ ਵਾਲੀ ਮਨੋਵਿਗਿਆਨਕ ਥ੍ਰਿਲਰ ਫਿਲਮ 'ਸ਼ੈਤਾਨ' ਦਾ ਪੋਸਟਰ ਜਾਰੀ ਕੀਤਾ ਹੈ। ਅਜੈ ਦੇਵਗਨ ਨੇ ਇੰਸਟਾਗ੍ਰਾਮ 'ਤੇ ਫਿਲਮ ਦਾ ਪੋਸਟਰ ਸਾਂਝਾ ਕਰਦਿਆਂ ਕਿਹਾ, 'ਜਦੋਂ ਗੱਲ ਆਪਣੇ ਪਰਿਵਾਰ 'ਤੇ ਆਏ ਤਾਂ ਉਹ ਹਰ # ਸ਼ੈਤਾਨ ਨਾਲ ਲੜ ਜਾਵੇਗਾ। ਇਹ ਫਿਲਮ ਸਿਨੇਮਾ ਘਰਾਂ ਵਿਚ 8 ਮਾਰਚ 2024 ਨੂੰ ਰਿਲੀਜ਼ ਹੋਵੇਗੀ।' ਪੋਸਟਰ ਵਿਚ ਅਜੈ ਦੇਵਗਨ ਜ਼ਬਰਦਸਤ ਅੰਦਾਜ਼ ਵਿਚ ਦਿਖਾਈ ਦੇ ਰਿਹਾ ਹੈ। ਪੋਸਟਰ 'ਤੇ ਟਿੱਪਣੀ ਕਰਦਿਆਂ ਇਕ ਪ੍ਰਸ਼ੰਸਕ ਨੇ ਲਿਖਿਆ, 'ਇੰਤਜ਼ਾਰ ਨਹੀਂ ਕਰ ਸਕਦਾ।' ਇਕ ਹੋਰ ਨੇ ਲਿਖਿਆ, 'ਟਰੇਲਰ ਕਦੋਂ ਆਏਗਾ ਸਰ।' ਫਿਲਮ ਵਿੱਚ ਆਰ ਮਾਧਵਨ ਅਤੇ ਜਯੋਤਿਕਾ ਨੇ ਵੀ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਫਿਲਮ ਦੇ ਟੀਜ਼ਰ ਨੂੰ ਪ੍ਰਸ਼ੰਸਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਟੀਜ਼ਰ ਵਿੱਚ ਸ਼ੈਤਾਨ ਦੀ ਦੁਨੀਆ ਦੀ ਝਲਕ ਦਿਖਾਈ ਗਈ ਹੈ। ਫਿਲਮ ਦਾ ਨਿਰਮਾਣ ਅਜੈ ਦੇਵਗਨ ਨੇ ਕੀਤਾ ਹੈ ਜਦਕਿ ਫਿਲਮ ਦੇ ਨਿਰਦੇਸ਼ਕ ਵਿਕਾਸ ਬਹਿਲ ਹਨ।





Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL



Superior Mortgage
Unit 244-8138-128 Street, Surrey
604 507 1000
Our Symbol of Care & Service



ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key INSURANCE

# Explore Your Options


ਪੰਜਾਬੀ
हिंदी

**Number 1** in the Community **for 25 years.**

# Stop Paying Too Much!

Get **10 Quotes** instead of 1

Compare from the top Canadian Insurers



intact INSURANCE · Wawanesa Insurance · family INSURANCE · GORE MUTUAL › GO FORWARD · TRAVELERS · PEACE HILLS INSURANCE · MAX INSURANCE · AVIVA · MUTUAL FIRE INSURANCE · OPTIMUM.

HOME | AUTO | ICBC | CONDO | BUSINESS | TRUCKING | TENANTS | TRAVEL MEDICAL | MOTORBIKE | BOAT

CALL NOW

## 604 502 0441

**ICBC** ONLINE AND DELIVERY AVAILABLE.

## $50 VISA Gift Card for all quotes.

($25 for Condo) No Obligations to purchase, let's try to save you money.
*Limited time offer.*

**SURREY**
**(604) 502 0441**
FAX (604) 502 0417
5-8430 128TH ST.
SURREY, BC
V3W 4G3

**NORTH VANCOUVER**
**(604) 635 2048**
FAX (604) 635 2049
110-845 MARINE DR.
NORTH VANCOUVER, BC
V7P 0A8

**VANCOUVER**
**(604) 325 1241**
FAX (604) 325 1414
4038 KNIGHT ST.
VANCOUVER, BC
V5N 5Y7

**OAKWEST**
**(604) 266 5533**
FAX (604) 266 2379
6260 EAST BLVD.
VANCOUVER, BC
V6M 3VJ

**OPEN 7 DAYS**

ICBC Autoplan

www.goldkeyinsurance.ca

G k

# fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

## LOWEST PRICES IN TOWN

### UNBEATABLE EXTRA SUPER SPECIAL

Fine Cane Sugar (Indican) 4 lbs
ਗੰਨੇ ਦੀ ਖੰਡ 4lbs
$4.99 bag

### EXTRA SUPER SUPER SPECIAL

Indian Okra
ਭਿੰਡੀ ਦੇਸੀ
$2.88 lb

Gala Apples US #1
ਗਾਲਾ ਸੇਬ ਯੂ.ਐਸ. #੧
$1.29 lb

SUPER SPECIAL
Almonds #1 Large Size
ਵੱਡੇ ਬਦਾਮ
$3.98 lb

SUPER SPECIAL
Fresh Ginger
ਤਾਜ਼ਾ ਅਦਰਕ
$1.59 lb

SUPER SPECIAL
Daikon (Moli)
ਮੂਲੀ
99¢ lb

Red Lentil Split
ਧੋਤੀ ਮਸਰਾਂ ਦੀ ਦਾਲ
88¢ lb

Long English Cucumber
ਲੰਬੇ ਇੰਗਲਿਸ਼ ਖੀਰੇ
98¢ ea.

SUPER SPECIAL
Swarna Chakki Atta 20 lbs
ਸਵਰਨਾ ਚੱਕੀ ਅੱਟਾ
$13.99 bag

SUPER SPECIAL
Cilantro
ਧਣੀਆ
2 bunches for $1.49

SUPER SPECIAL
Punjabi Shakkar (Indican) 2 lbs
ਪੰਜਾਬੀ ਸ਼ੱਕਰ ਇੰਡੀਕੈਨ 2lbs ਜਾਰ
$3.99 jar

Mazola Corn Oil 2.84 L
ਮਜ਼ੋਲਾ ਮੱਕੀ ਦਾ ਤੇਲ 2.84 ਲੀਟਰ
$12.99 ea.

Rapini (Sarson da Saag)
ਸਰਸੋਂ ਦਾ ਸਾਗ
$2.98 bunch

Pink Lady Apples
ਗੁਲਾਬੀ ਲੇਡੀ ਸੇਬ
79¢ lb

Seviyan Egg-Free 300 g
ਸੇਵੀਆਂ ਐਗਫ੍ਰੀ 300 ਗ੍ਰਾਮ
2 Packs for $2.99

Desi Karela
ਦੇਸੀ ਕਰੇਲਾ
$1.49 lb

Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ, ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੈਨ)
$3.98 bag

Roma Tomatoes
ਰੋਮਾ ਟਮਾਟਰ
$1.49 lb

Indian Eggplants
ਦੇਸੀ ਬਤਾਊਂ
$1.49 lb

Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb

Large Seedless Oranges
ਵੱਡੇ ਸੰਤਰੇ (ਬਿਨਾ ਬੀਜ ਤੋਂ)
99¢ lb

Spinach
ਪਾਲਕ
$1.49 bunch

Red Lentil Whole
ਮਸਰਾ ਦੀ ਸਾਬਤ ਦਾਲ
88¢ lb

Zucchini Squash
ਜ਼ੁਕੀਨੀ ਸਕੁਐਸ਼
99¢ lb

Green Cabbage
ਹਰੀ ਬੰਦ ਗੋਭੀ
69¢ lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag

Opo Squash (Long)
ਓਪੋ ਕੱਦੂ
98¢ lb

Roasted Peanuts in Shell
ਭੁੱਜੀ ਮੂੰਗਫਲੀ
$1.88 lb

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle

**Fri Feb 23, 2024 - Wed Feb 28, 2024**

We reserve the right to limit the quantities while they last

**Specials valid for Lower Mainland only**

Product images may differ from the actual product.

23 LOCATIONS TO SERVE YOU IN BC & ALBERTA

Head Office: 7676 Anvil Way, Surrey 604-502-0005

fruiticana SINCE 1994

BUSINESS HOURS 9 AM - 8 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |